ੴ

ਪ੍ਰਗਟ ਭਏ ਗੁਰੂ ਤੇਗ ਬਹਾਦਰ ਸਗਲ ਸ੍ਰਿਸ਼ਟ ਪੈ ਢਾਪੀ ਚਾਦਰ ।।

# ਭਾਈ ਘਨੱਈਆ

# ਸੇਵਾ ਜੋਤੀ

ਦਸੰਬਰ
ਸੰਨ 2001



ਸ੍ਰੀ ਗੁਰੂ ਤੇਗ਼ ਬਹਾਦਰ, ਹਿੰਦ ਦੀ ਚਾਦਰ

## ਹੋਮਿਓਪੈਥਿਕ ਮੈਡੀਕਲ ਕਾਲਜ, ਅਬਹੋਰ ਦੇ ਨਵੇਂ ਬਣਾਏ ਗਏ Boys Hostel ਦੇ ਉਦਘਾਟਨ ਸਮਾਰੋਹ ਦੀਆਂ ਝਲਕੀਆਂ ।



ਮਹੰਤ ਤੀਰਥ ਸਿੰਘ ਜੀ ਹੋਮਿਓਪੈਥਿਕ ਮੈਡੀਕਲ ਕਾਲਜ, ਅਬਹੋਰ ਦੇ
ਨਵੇਂ ਬਣਾਏ Boys Hostel ਦਾ ਉਦਘਾਟਨ ਕਰਦੇ ਹੋਏ ।



ਮਹੰਤ ਤੀਰਥ ਸਿੰਘ ਜੀ ਨਾਲ ਸ. ਤਾਰਾ ਸਿੰਘ ਪ੍ਰਧਾਨ, ਸ਼੍ਰੀ ਵਰਿੰਦਰ ਕਟਾਰੀਆ Ex. ਐਮ. ਪੀ.,
ਸ. ਸਾਹਿਬ ਸਿੰਘ, ਪ੍ਰੋ. ਪੀ. ਕੇ. ਮਿੱਤਲ, ਸ਼੍ਰੀ ਡੀ. ਐਸ. ਔਲਖ ਤੇ ਸ਼੍ਰੀ ਦੇਵ ਰਾਜ ਐਮ. ਸੀ ਨਜ਼ਰ ਆ ਰਹੇ ਹਨ ।

॥ ੴ ਸਤਿਗੁਰ ਪ੍ਰਸਾਦਿ ॥

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥

# ਭਾਈ ਘਨੱਈਆ ਸੇਵਾ ਜੋਤੀ

ਪੰਜਾਬੀ ਮਾਸਿਕ

ਸਾਲ : 18ਵਾਂ ਅੰਕ ਨੰ : 12 ਦਸੰਬਰ 2001 ਕੀਮਤ : ਅਮੁੱਲ



ਮੁੱਖ ਸਰਪ੍ਰਸਤ : ਸੰਤ ਬਾਬਾ ਤੀਰਥ ਸਿੰਘ ਸੇਵਾ ਪੰਥੀ Ph.0164-262012 Mob:98140-32957

ਸਰਪ੍ਰਸਤ : ਸੰਤ ਕਾਹਨ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ ਫ਼ੋਨ 263333 ਮੋਬਾ: 98140-04503, ਮਹੰਤ ਈਸ਼ਵਰ ਦਾਸ ਸ਼ਾਸਤਰੀ ਜਲੰਧਰ, ਸੰਤ ਹਰਪਾਲ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ, ਸੰਤ ਗੁਰਚਰਨ ਸਿੰਘ ਮੋਬਾ: 98140-02004, ਸੰਤ ਰਣਜੀਤ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ ਫ਼ੋਨ : 262276 ਮੋਬਾ: 98140-35191, ਸ੍ਰ: ਤ੍ਰਿਲੋਚਣ ਸਿੰਘ ਸੇਠੀ ਮੁੰਬਈ।

ਮੁੱਖ ਸਲਾਹਕਾਰ : ਸ੍ਰ: ਵਜਿੰਦਰ ਸਿੰਘ ਐਡਵੋਕੇਟ ਅੰਬਾਲਾ, ਸ੍ਰ: ਨਰਿੰਦਰ ਸਿੰਘ 'ਸੋਚ' ਅੰਮ੍ਰਿਤਸਰ, ਸ: ਸੁਰਜਨ ਸਿੰਘ ਘੁਲਿ:ਮੋਬਾ :98140-86207 ਸਰਦਾਰਨੀ ਭੁਪਿੰਦਰ ਕੌਰ ਪਤਨੀ ਸ੍ਰ: ਜੀ ਐਸ ਬਜਾਜ ਦਿੱਲੀ, ਸ੍ਰ: ਜਸਪਾਲ ਸਿੰਘ ਹਿੰਦੁਸਤਾਨ ਰੈਫਰੀਜੇਸ਼ਨ ਦਿੱਲੀ।

ਸੰਪਾਦਕੀ ਬੋਰਡ
ਮੁੱਖ ਸੰਪਾਦਕ : ਚਮਨ ਸਿੰਘ "ਚਮਨ" ਮੋਬਾ : 98140-75504
Internet Edition Editor : ਭੁਪਿੰਦਰ ਸਿੰਘ ਸੇਵਾ-ਪੰਥੀ Ph. 262657
ਸ: ਸੰਪਾਦਕ : ਅਮਰਜੀਤ ਸਿੰਘ "ਮਾਛੀਵਾੜਾ" Ph. 262051


## ਤਤਕਰਾ


| ਲੜੀ ਨੰ : | ਲੇਖ | ਪ੍ਰਕਾਸ਼ਮਾਨ ਜੋਤਾਂ | ਪੰਨਾ |
|---|---|---|---|
| 1. | ਪੋਖਿ ਮਹੀਨੇ ਦਾ ਮੂਲ ਪਾਠ ਤੇ ਵਿਸ਼ੇਸ਼ ਤਿੱਥ-ਤਿਉਹਾਰ | ਸਹਾਇਕ ਸੰਪਾਦਕ | 2 |
| 2. | ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ | ਚਮਨ ਸਿੰਘ 'ਚਮਨ' | 3 |
| 3. | ਟਾਈਟਲ ਦੇ ਸਚਿੱਤਰ ਦਾ ਵਰਨਣ | ਸੰਪਾਦਕ | 5 |
| 4. | ਸੱਦਾ ਪੱਤਰ ਸਾਲਾਨਾ ਯੱਗ-ਸਮਾਗਮ | ਮਹੰਤ ਤੀਰਥ ਸਿੰਘ | 6 |
| 6. | ਪ੍ਰੋਗਰਾਮ ਪ੍ਰਚਾਰ ਯਾਤਰਾ | ਮੈਨੇਜਰ ਇੰਦਰਜੀਤ ਸਿੰਘ | 8 |
| 7. | ਕਥਾ ਸੁਖਮਨੀ ਸਾਹਿਬ (ਕਿਸਤ ਨੰ: ੫੩) | ਤੀਰਥ ਸਿੰਘ 'ਸੇਵਾ ਪੰਥੀ' | 9 |
| 8. | ਸੋ ਦਰੁ ਰਹਿਰਾਸ ਸਾਹਿਬ (ਕਿਸਤ ਨੰ: ੨੮) | ਸੰਤ ਕਾਹਨ ਸਿੰਘ 'ਸੇਵਾ ਪੰਥੀ' | 11 |
| 9. | ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ | ਭਾਈ ਨੰਦ ਲਾਲ ਜੀ ਗੋਯਾ | 13 |
| 9. | ਗੁਰੂ ਤੇਗ਼ ਬਹਾਦਰ ਜੀ ਦੀ ਸੰਖੇਪ ਜੀਵਨੀ | ਗੁਰਮੀਤ ਕੌਰ 'ਮੀਤ' | 14 |
| 10. | ਗੁਰੂ ਤੇਗ਼ ਬਹਾਦਰ ਜੀ ਦੀ ਪ੍ਰਤਿੱਭਾ | ਪ੍ਰੋ : ਜੋਗਿੰਦਰ ਸਿੰਘ | 15 |
| 11. | ਮਹਾਂਨਾਇਕ ਗੁਰੂ ਗੋਬਿੰਦ ਸਿੰਘ | ਸ. ਸੁਰਿੰਦਰ ਪਾਲ ਸਿੰਘ | 21 |
| 12. | ਭਗਤ ਸੈਣ ਜੀ | ਸੰਪਾਦਕ | 26 |
| 13. | ਸ੍ਰੀ ਹਰਿਮੰਦਰ ਸਾਹਿਬ | ਪ੍ਰੋ: ਬਲਵਿੰਦਰ ਪਾਲ ਸਿੰਘ | 27 |
| 14. | ਮਾਇਆ ਹੋਈ ਨਾਗਨੀ | ਪ੍ਰੋ: ਰਾਮ ਸਿੰਘ ਕੁਲਾਰ | 32 |
| 15. | **बाबाणीयां-कहाणीयां** | **जोगिन्द्र सिंह 'सागर'** | 36 |
| 16. | **तेग बहादुर सी क्रिया** | **जोगिन्द्र सिंह 'सागर'** | 38 |
| 17. | ਵਰ - ਘਰ | ਭੁਪਿੰਦਰ ਸਿੰਘ 'ਸੇਵਾ ਪੰਥੀ' | 40 |

# ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

## ਪੋਖਿ

ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥
ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥
ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥
ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥
ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥
ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥
ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ॥
ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥
ਪੋਖੁ ਸੁੋਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥੧੧॥੧॥

| | | | | |
|---|---|---|---|---|
| ਸੰਮਤ ਬਿਕ੍ਰਮੀ | 2058 | ਗੁਰਪੁਰਬ ਤੇ ਵਿਸ਼ੇਸ਼ ਦਿਵਸ | ਪੂਰਨਮਾਸ਼ੀ | 14 ਦਸੰਬਰ |
| ਸੰਮਤ ਨਾਨਕਸ਼ਾਹੀ | 533 | | ਮੱਸਿਆ | 15 ਦਸੰਬਰ |
| ਸੰਮਤ ਖ਼ਾਲਸਾ | 303 | ਦਸੰਬਰ | ਪੰਚਮੀ | 19 ਦਸੰਬਰ |
| ਸੰਮਤ ਸਾਕਾ | 1923 | 2001 | ਪੂਰਨਮਾਸ਼ੀ | 30 ਦਸੰਬਰ |

- ★ ਗੁਰਿਆਈ ਸ੍ਰੀ ਗੁਰੂ ਗੋਬਿੰਦ ਸਿੰਘ — 17 ਦਸੰਬਰ ਸੋਮਵਾਰ
- ★ ਸ਼ਹੀਦੀ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ — 19 ਦਸੰਬਰ ਬੁੱਧਵਾਰ
- ★ ਅਵ : ਦਿਵਸ ਸ਼੍ਰੀ ਬਾਬਾ ਅਟੱਲ ਰਾਏ ਜੀ (ਅੰਮਿ:) — 22 ਦਸੰਬਰ ਸ਼ਨੀਵਾਰ
- ★ ਸ਼ਹੀਦੀ ਜੋੜ ਮੇਲਾ ਚਮਕੌਰ ਸਾਹਿਬ — 22 ਦਸੰਬਰ ਸ਼ਨੀਵਾਰ
- ★ ਕ੍ਰਿਸਮਿਸ ਡੇ — 25 ਦਸੰਬਰ ਮੰਗਲਵਾਰ
- ★ ਜਨਮ ਦਿਨ ਸ਼ਹੀਦ ਊਧਮ ਸਿੰਘ ਜੀ — 26 ਦਸੰਬਰ ਬੁੱਧਵਾਰ
- ★ ਜੋੜ -ਮੇਲਾ ਸਰਹੰਦ ਫਤਿਹਗੜ੍ਹ ਸਾਹਿਬ — 26-28 ਦਸੰਬਰ ਬੁੱਧ-ਸ਼ੁਕਰ
- ★ ਜਨਮ ਭਗਤ ਸੈਣ ਜੀ — 11 ਦਸੰਬਰ ਮੰਗਲਵਾਰ

ਸੰਪਾਦਕੀ

# ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ

ਵਾਹਿਗੁਰੂ ਵੱਡਾ ਦਾਤਾਰ ਹੈ ਅਤੇ ਉਸ ਦੀਆਂ ਦਾਤਾਂ ਅਨੇਕ ਤੇ ਬੇਅੰਤ ਪ੍ਰਕਾਰ ਦੀਆਂ ਹਨ । ਉਹ ਮਾਲਿਕ ਪਾਲਣਹਾਰ-ਦਾਤਾਰ ਜੀਵਨ ਦੀਆਂ ਜ਼ਰੂਰੀ ਲੋੜਾਂ ਤਾਂ ਸਭ ਦੀਆਂ ਪੂਰੀਆਂ ਕਰਦਾ ਹੀ ਹੈ ਐਪਰ ਕਈ ਵਿਅਕਤੀਆਂ ਉੱਪਰ ਉਹ ਵਿਸ਼ੇਸ਼ ਕਿਰਪਾਲਤਾ, ਬਖਸ਼ਿਸ਼ ਕਰਦਾ ਹੈ । ਚੰਗਾ ਪਰਿਵਾਰ-ਇਸਤ੍ਰੀ ਧੀਆਂ-ਪੁੱਤਰ ਅਤੇ ਬਹੁਤ ਸੁਖੀ ਜੀਵਨ ਬਤੀਤ ਕਰਨ ਦੇ ਕਈ ਪ੍ਰਕਾਰ ਦੇ ਪਦਾਰਥ ਤੇ ਨਿਆਮਤਾ ਪ੍ਰਦਾਨ ਕਰਦਾ ਹੈ-ਕੋਠੀਆਂ, ਬਾਗ-ਬਗੀਚੇ, ਨੌਕਰ-ਚਾਕਰ, ਮੋਟਰ-ਕਾਰਾਂ, ਸੁਦਰ ਬਸਤਰ, ਸੁਆਦਿਸ਼ਟ ਭੋਜਨ ਆਦਿ । ਇਸ ਤੋਂ ਉਪਰੰਤ ਰਾਜ ਦਰਬਾਰ ਤੇ ਅਫ਼ਸਰੀਆਂ ਦੀ ਇੱਜਤ ਅਤੇ ਸਮਾਜਿਕ ਮਾਣ-ਪ੍ਰਤਿਸ਼ਠਾ ਦੀ ਬਖ਼ਸ਼ਿਸ਼ ਕਰਦਾ ਹੈ । ਸੋ ਇਨ੍ਹਾਂ ਲੋਕਾਂ ਨੂੰ ਤਾਂ ਮਾਲਿਕ ਦਾ ਬਹੁਤਾ-ਬਹੁਤਾ ਸ਼ੁਕਰਾਨਾ-ਧੰਨਵਾਦ ਕਰਨਾ ਚਾਹੀਦਾ ਹੈ । ਐਪਰ ਅਫ਼ਸੋਸ, ਸਦ ਅਫ਼ਸੋਸ । ਇਨ੍ਹਾਂ ਤਾਂ ਆਪਣੇ ਦਾਤਾਰ ਨੂੰ ਉੱਕਾ ਹੀ ਵਿਸਾਰ ਛੱਡਿਆ ਹੈ, ਸ਼ੁਕਰਾਨੇ ਦੀ ਤਾਂ ਗੱਲ ਹੀ ਜਾਣ ਦਿਉ । ਇਨ੍ਹਾਂ ਆਪਣਾ ਸਾਰਾ ਧਿਆਨ, ਸਾਰੀ ਤਵੱਜੋ ਸਾਰੀਆਂ ਬ੍ਰਿਤੀਆਂ ਉਸ ਮਾਲਕ ਦੀਆਂ ਬਖਸ਼ੀਆਂ ਦਾਤਾਂ ਤੇ ਨਿਆਮਤਾਂ ਐਸ਼ੋ-ਇਸ਼ਰਤ ਤੇਸਾਜੋ-ਸਮਾਨ ਦੇ ਅਰਪਣ ਕੀਤੀਆਂ ਹੋਈਆਂ ਹਨ । ਇਕ ਪਲ ਭਰ ਵੀ ਮਾਲਿਕ-ਦਾਤਾਰ ਦੀ ਪਿਆਰ ਭਰੀ ਯਾਦ, ਸਿਮਰਨ ਵਿੱਚ ਨਹੀਂ ਬੈਠਦੇ । ਇਹ ਪੁੱਠੀ ਮੱਤ ਵਾਲੇ, ਇਹ ਬਹੁਰੰਗੀ ਮਾਇਆ ਜੋ ਕੇਵਲ ਤੁੱਛ ਚੇਰੀ, ਦਾਸੀ ਹੀ ਹੈ, ਉਸ ਸ੍ਰਿਸ਼ਟੀ ਦੇ ਮਾਲਿਕ ਦੀ ਬਜਾਏ ਰਾਤ ਦਿਨ ਉਸ ਦੀ ਸੇਵਾ ਕਰਦੇ ਹਨ ਐਪਰ ਜੋ ਇਸ ਦਾ ਠਾਕਰ, ਮਾਲਿਕ ਹੈ ਉਸ ਨੂੰ ਪਛਾਣਦੇ ਤੱਕ ਨਹੀਂ, ਮਾਨੋ ਅੱਖਾਂ ਪਰ ਪੱਟੀ ਬੰਨ੍ਹੀ ਹੋਈ ਹੈ, ਮੋਹ-ਮਾਇਆ ਦੇ ਜਾਲ, ਪੰਕਜ, ਚਿੱਕੜ ਦਲ-ਦਲ ਵਿੱਚ ਬੁਰੀ ਤਰ੍ਹਾਂ ਫਾਥੇ ਪਏ ਹਨ । ਆਪਣੇ ਦਾਤਾਰ ਪ੍ਰਤੀ ਐਸੇ ਨਾ- ਸ਼ੁਕਰੇ, ਅਹਿਸਾਨ-ਫ਼ਰਾਮੋਸ਼ ਅਕ੍ਰਿਤਘਣ ਐਸੇ ਦੁਨੀਦਾਰ ਵਿਅਕਤੀਆਂ ਦਾ ਕੀ ਹਸ਼ਰ ਤੇ ਦੁਰਗਤੀ ਹੋਵੇਗੀ ਰੱਬ ਹੀ ਜਾਣੇ, ਧਰਮ ਰਾਜ ਦੀ ਸੱਚੀ ਦਰਗਾਹ ਵਿਚ ਕੀ ਬੀਤੇਗੀ ।

ਕਿਸੇ ਦੇ ਕੀਤੇ ਉਪਕਾਰ ਨੂੰ ਨਾ ਜਾਣਨ ਵਾਲੇ, ਅਹਿਸਾਨ ਨੂੰ ਭੁੱਲ ਜਾਣ ਵਾਲੇ, ਅਹਿਸਾਨ ਫ਼ਰਾਮੋਸ਼, ਨਾ-ਸ਼ੁਕਰੇ, ਅਕ੍ਰਿਤਘਣ ਵਿਅਕਤੀਆਂ ਵਾਸਤੇ ਗੁਰਬਾਣੀ ਅੰਦਰ ਸ਼ਬਦ 'ਹਰਾਮ- ਖੋਰ, ਲੂਣ -ਹਰਾਮੀ, ਨਮਕ- ਹਰਾਮੀ' ਵਰਤੇ ਗਏ ਹਨ । ਮਨੁੱਖ ਲੂਣ ਸਾਰੇ ਪਦਾਰਥਾਂ ਤੋਂ ਘੱਟ ਖਾਂਦਾ ਹੈ, ਭਾਵ ਕਿਸੇ ਦਾ ਥੋੜ੍ਹਾ ਜਿਹਾ ਵੀ ਕੀਤਾ ਗੁਣ, ਉਪਕਾਰ ਭੁਲਾਉਣਾ ਅਵਗੁਣ ਹੈ । ਲੂਣ- ਹਰਾਮੀ ਵੱਡਾ ਗੁਨਹਗਾਰ ਹੁੰਦਾ ਹੈ ਸਜ਼ਾ ਵੱਜੋਂ ਉਹ ਰੱਬ ਦੀ ਸੱਚੀ ਦਰਗਾਹ ਅੰਦਰ, ਢੋਲ ਵਾਂਗ ਕੁਟੀਂਦਾ ਹੈ । ਦੁਨੀਦਾਰ ਵਿਅਕਤੀ ਬੜਾ ਅਕ੍ਰਿਤਘਣ, ਸੁਆਰਥੀ, ਮਤਲਬਪ੍ਰਸਤ ਤੇ ਤੋਤਾ- ਚਸ਼ਮ ਹੁੰਦਾ ਹੈ, ਮਤਲਬ ਪੂਰਾ ਹੋਣ ਪਿੱਛੋਂ ਅੱਖ ਨਹੀਂ ਮਿਲਾਉਂਦਾ । ਕਰਮਕਾਂਡੀ ਪੁਰਸ਼ ਸ਼੍ਰਿਸ਼ਟੀ ਦੇ ਮਾਲਿਕ ਨਾਲ ਵੀ ਸੌਦੇਬਾਜ਼ੀ ਕਰਦਾ ਹੈ । ਅਕ੍ਰਿਤਘਣਤਾ, ਅਹਿਸਾਨ ਫ਼ਰਾਮੋਸ਼ੀ, ਸੰਸਾਰ ਵਿੱਚ ਸਭ ਤੋਂ ਵੱਡਾ ਬੱਜਰ, ਭੁਜੰਕਰ ਪਾਪ, ਗੁਨਾਹ ਹੈ । ਧਰਤੀ ਮਾਤਾ ਪੁਕਾਰ ਕਰਦੀ ਹੈ । 'ਮੈਨੂੰ ਅਸਮਾਨ ਨਾਲ ਛੂੰਹਦੇ ਪਹਾੜਾਂ, ਵਿਸ਼ਾਲ ਸਮੁੰਦਰਾਂ, ਦਰਿਆਵਾਂ, ਦਰਖ਼ਤਾਂ, ਅਨੇਕ ਜੀਅ-ਜੰਤਾਂ, ਵੱਡੇ-ਵੱਡੇ ਕਿਲਿਆਂ, ਘਰ-ਬਾਰਾਂ ਆਦਿ ਦਾ ਬੋਝ ਨਹੀਂ ਲੱਗਦਾ ਪਰ ਮੈਨੂੰ ਅਕ੍ਰਿਤਘਣ ਵਿਅਕਤੀਆਂ ਦਾ ਬੋਝਾ ਮਹਿਸੂਸ ਹੁੰਦਾ ਹੈ ਜੋ ਅਤਿਅੰਤ ਭੈੜੇ ਹਨ'- 'ਭਾਰੇ ਭੂਈ ਅਕਿਰਤਘਣ ਮੰਦੀ ਹੂ ਮੰਦੇ ।' ਸ਼ੇਖ ਫ਼ਰੀਦ ਜੀ ਫ਼ੁਰਮਾਉਂਦੇ ਹਨ ਕਿ ਜਿਨ੍ਹਾਂ ਨੇ ਰੱਬ ਨੂੰ ਵਿਸਾਰ

ਦਿੱਤਾ ਹੈ. ਉਹ ਅਕ੍ਰਿਤਘਣ ਹਨ ਅਤੇ ਧਰਤੀ ਤੇ ਭਾਰ ਹਨ । ਭਾਈ ਸਾਹਿਬ ਨੇ ਇੱਕ ਹੋਰ ਕਮਾਲ ਦਾ ਦ੍ਰਿਸ਼ਟਾਂਤ ਦੇ ਕੇ ਇਹ ਸਪਸ਼ਟ ਕਿਹਾ ਹੈ ਕਿ ਅਕ੍ਰਿਤਘਣ ਨਾ-ਸ਼ੁਕਰੇ ਵਿਅਕਤੀ ਅਤੀ ਨੀਚ. ਮਲੀਨ ਗੰਦੇ ਤੇ ਘਿਰਨਾਯੋਗ. ਕੁੱਤੇ ਦੇ ਮਾਸ ਨੂੰ ਸ਼ਰਾਬ ਵਿਚ ਰਿੰਨ ਕੇ ਮਨੁੱਖ ਦੀ ਖੋਪੜੀ ਵਿਚ ਪਾ ਲਿਆ ਤੇ ਉਸ ਨੂੰ ਲਹੂ ਨਾਲ ਲਿੱਬੜੇ ਹੋਏ ਕਪੱੜੇ ਨਾਲ ਢੱਕ ਦਿੱਤਾ। ਇਸ ਵਿਚੋਂ ਦੁਰਗੰਧ ਬਦਬੂ ਆਵਣ ਲੱਗ ਪਈ । ਚੰਡਾਲ ਸ਼੍ਰੇਣੀ ਦੀ ਇਕ ਇਸਤ੍ਰੀ. ਚੂਹੜੀ. ਭੋਗ-ਬਿਲਾਸ ਕਰਨ ਪਿਛੋਂ ਇਸ ਤੋਹਫੇ ਨੂੰ ਉਠਾ ਕੇ ਲੈ ਜਾ ਰਹੀ ਹੈ । ਕਿਸੇ ਦੇ ਪੁੱਛਣ ਪਰ ਉਸ ਨੇ ਜਵਾਬ ਦਿੱਤਾ ਕਿ ਮੈਨੂੰ ਬਹੁਤ ਫ਼ਿਕਰ ਇਹ ਲੱਗਾ ਹੋਇਆ ਹੈ ਕਿ ਮੇਰੇ ਇਸ ਤੋਹਫੇ ਨੂੰ ਕਿਸੇ ਅਕ੍ਰਿਤਘਣ ਦੀ ਬੁਰੀ ਨਜ਼ਰ ਨਾ ਲੱਗ ਜਾਵੇ ਤੇ ਇਹ ਭ੍ਰਿਸ਼ਟ ਹੋ ਕੇ ਖਾਵਣ ਦੇ ਲਾਇਕ ਹੀ ਨਾ ਰਹੇ । ਐਸਾ ਹੈ ਅਕ੍ਰਿਤਘਣ ਵਿਅਕਤੀ । ਸ੍ਰਿਸ਼ਟੀ ਦੇ ਮਾਲਿਕ ਪਾਲਣਹਾਰ-ਦਾਤਾਰ ਪ੍ਰਤੀ ਜੋ ਵਿਅਕਤੀ ਅਕ੍ਰਿਤਘਣ-ਲੂਣ-ਹਰਾਮੀ ਹਨ ਉਨ੍ਹਾਂ ਦੀ ਗੁਰਬਾਣੀ ਅੰਦਰ ਬਹੁਤ ਨਿਖੇਧੀ ਕੀਤੀ ਹੈ ।

ਵਿਸਰਿਆ ਜਿਨੁ ਨਾਮੁ ਤੇ ਭੁਇ ਭਾਰੁ ਥੀਏ ॥
(ਪੰਨਾ: ੪੮੮)

ਅਕਿਰਤਘਣਾ ਹਰਿ ਵਿਸਰਿਆ ਜੋਨੀ ਭਰਮੇਤੁ ॥
(ਪੰਨਾ: ੭੦੬)

ਨਰਕ ਘੋਰ ਬਹੁ ਦੁਖ ਘਣੇ ਅਕਿਰਤਘਣਾ ਕਾ ਥਾਨੁ ॥
(ਪੰਨਾ: ੩੧੫)

ਤੁਮੁ ਦੇਵਹੁ ਸਭੁ ਕਿਛੁ ਦਇਆ ਧਾਰਿ ਹਮ ਅਕਿਰਤਘਨਾਰੇ ॥
(ਪੰਨਾ: ੮੦੯)

ਭਾਈ ਗੁਰਦਾਸ ਜੀ ਦਾ ਦ੍ਰਿਸ਼ਟਾਂਤ ਪੇਸ਼ ਹੈ :

ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ ।
ਨਾ ਤਿਸੁ ਭਾਰੇ ਕੋਟ ਗੜ੍ਹ ਘਰ ਬਾਰ ਦਿਸੰਦੇ ।
ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ ।
ਨਾ ਤਿਸੁ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ ।
ਨਾ ਤਿਸੁ ਭਾਰੇ ਜੀਅ ਜੰਤ ਅਣਗਣਤ ਫਿਰੰਦੇ ।
ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ ॥੮॥
ਮਦ ਵਿਚਿ ਰਿਧਾ ਪਾਇ ਕੈ ਕੁਤੇ ਦਾ ਮਾਸੁ ।
ਧਰਿਆ ਮਾਣਸ ਖੋਪਰੀ ਤਿਸੁ ਮੰਦੀ ਵਾਸੁ ।
ਰਤੂ ਭਰਿਆ ਕਪੜਾ ਕਰਿ ਕਜਣੁ ਤਾਸੁ ।
ਢਕਿ ਲੈ ਚਲੀ ਚੂਹੜੀ ਕਰਿ ਭੋਗ ਬਿਲਾਸੁ ।
ਆਖਿ ਸੁਣਾਏ ਪੁਛਿਆ ਲਾਹੇ ਵਿਸਵਾਸੁ ।
ਨਦਰੀ ਪਵੈ ਅਕਿਰਤਘਣੁ ਮਤੁ ਹੋਇ ਵਿਣਾਸੁ ॥੯॥

(ਭਾਈ ਗੁਰਦਾਸ ਜੀ ਵਾਰ , ੩੫ ਪਉੜੀ ੮-੯)

ਅਹਿਸਾਨਮੰਦ

ਚਮਨ ਸਿੰਘ 'ਚਮਨ'

## ਟਾਈਟਲ ਦੇ ਸਚਿੱਤਰ ਦਾ ਵਰਨਣ

ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼; ਸ੍ਰੀ ਅੰਮ੍ਰਿਤਸਰ ਵਿਖੇ ਗੁਰੂ ਹਰਿਗੋਬਿੰਦ ਜੀ ਦੇ ਘਰ ਮਾਤਾ ਨਾਨਕੀ ਜੀ ਦੀ ਕੁੱਖੋਂ ਹੋਇਆ। ਆਪ ਜੀ ਇਕ ਵੱਡੇ ਜੋਧੇ, ਮਹਾਂ ਤਿਆਗੀ ਤੇ ਪਰ ਦੁਖ ਨਿਵਾਰਨ ਸਨ। ਸਾਰੇ ਹਿੰਦੁਸਤਾਨ ਵਿਚ ਵਿਚਰ, 'ਭੈ ਕਾਹੂ ਕੋ ਦੇਤ ਨਹਿ, ਨਹ ਭੈ ਮਾਨਤ ਆਨਿ' ਦਾ ਐਸਾ ਪ੍ਰਚਾਰ ਕੀਤਾ ਕਿ ਸਮੇਂ ਦੀ ਹਕੂਮਤ ਦੇ ਬਾਦਸ਼ਾਹ ਔਰੰਗਜ਼ੇਬ ਨੇ ਸ਼ਹੀਦ ਕਰਨ ਦਾ ਹੁਕਮ ਦਿੱਤਾ। ਆਪ ਜੀ ਨੇ ਨਾ ਸਿਰਫ ਹਿੰਦੂਆਂ ਦੀ ਜਾਂਦੀ ਪੱਤ, ਬਾਂਹ ਪਕੜ ਕੇ ਰੱਖੀ ਸਗੋਂ ਸੈਨਾਪਤੀ ਦੇ ਲਿਖੇ ਅਨੁਸਾਰ 'ਪ੍ਰਗਟ ਭਏ ਗੁਰੂ ਤੇਗ ਬਹਾਦਰ, ਸਗਲ ਸ੍ਰਿਸ਼ਟ ਪੈ ਢਾਪੀ ਚਾਦਰ '। ਇਸ ਸ਼ਹਾਦਤ ਦਾ ਇਤਨਾ ਪ੍ਰਭਾਵ ਪਿਆ ਕਿ ਪ੍ਰਾਚੀਨ ਪੰਥ ਪ੍ਰਕਾਂਸ਼ ਦੇ ਲਿਖਾਰੀ ਨੇ ਲਿਖਿਆ : ਤਬ ਤੇ ਘਟੀ ਪਾਤਸ਼ਾਹੀ ਦਿਲੀ, ਤਬ ਤੇ ਤੁਰਕ ਕਲਾ ਭਈ ਢਿਲੀ। ਅਨੰਦਪੁਰ ਸਾਹਿਬ ਦਾ ਨਗਰ ਆਪ ਜੀ ਨੇ ਹੀ ਵਸਾਇਆ ਸੀ।

### Sahib Guru Teg Bahadur

The ninth Guru Teg Bahadur (1621-1675) born at Amritsar to Guru Hargobind and Mata Nanaki, was a great warrior, deeply imbued with the spirit of self -sacrifice and kindliness. He travelled all over India with the message. " I evoke no fear, nor do I accept any'. This offended Aurangzeb so much that he ordered an immediate execution. He not only reclaimed the sinking prestige of Hindus, but also 'provided a cover to the entire humanity'. His sacrifice was ominous of the sub-sequent decline of the Mughal power. He founded the town of Anandpur Sahib.

---


ੴ ਸਤਿਗੁਰ ਪ੍ਰਸਾਦਿ ॥

ਕਲਜੁਗ ਮਹਿ ਕੀਰਤਨੁ ਪਰਧਾਨਾ ॥

ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ ਜ਼ਿਲ੍ਹਾ ਬਠਿੰਡਾ ਵਿਖੇ

**ਸ਼੍ਰੀਮਾਨ 108 ਮਹੰਤ ਭਾਈ ਆਸਾ ਸਿੰਘ ਜੀ ਦੀ ਯਾਦ ਵਿੱਚ**

ਮਿਤੀ 31 ਦਸੰਬਰ 2001 ਦਿਨ ਸੋਮਵਾਰ ਨੂੰ ਰਾਤ 7 ਵਜੇ ਤੋਂ 12 ਵਜੇ ਤੱਕ ਮਹਾਨ ਕੀਰਤਨ-ਦਰਬਾਰ ਹੋ ਰਿਹਾ ਹੈ ਜਿਸ ਵਿੱਚ ਪੰਥ ਪ੍ਰਸਿੱਧ ਕੀਰਤਨੀ ਜਥੇ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਸਰਬੱਤ ਸੰਗਤਾਂ ਨੇ ਪਹੁੰਚ ਕੇ ਸਤਿਸੰਗ ਕਰਕੇ ਸ਼ਰਧਾਂਜਲੀ ਅਰਪਿਤ ਕਰਨਾ।

-ਬਲਬੀਰ ਸਿੰਘ ਪ੍ਰਧਾਨ,

ਸ੍ਰੀ ਗੁਰੂ ਤੇਗ ਬਹਾਦਰ ਸੇਵਾ ਦਲ, ਗੋਨਿਆਣਾ ਮੰਡੀ।

ਫੋਨ ਘਰ : 262106 ਦੁਕਾਨ : 262305

ੴ ਸਤਿਗੁਰ ਪ੍ਰਸਾਦਿ ॥

# ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਂਏ ॥

ਸ਼੍ਰੀਮਾਨ ਗੁਰਮੁਖ ਪਿਆਰੇ ਪ੍ਰਮ ਸਨੇਹੀ ਜੀਓ !

ਵਾਹਿਗੁਰੂ ਜੀ ਕਾ ਖਾਲਸਾ ॥

ਵਾਹਿਗੁਰੂ ਜੀ ਕੀ ਫਤਹਿ ॥

ਟਿਕਾਣਾ ਸਾਹਿਬ ਵੱਲੋਂ ਗੁਰੂ ਘਰ ਦੀਆਂ ਖੁਸ਼ੀਆਂ ਲਈ ਸ਼ੁੱਭ ਅਸੀਸਾਂ, ਸੁੱਖ-ਸ਼ਾਤੀ, ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਦੀ ਅਰਦਾਸ।

ਅੱਗੇ ਆਪ ਸਭ ਨੂੰ ਵਿਦਿਤ ਹੋਵੇ ਕਿ ਬ੍ਰਹਮ-ਗਿਆਨੀ ਸਮਦਰਸ਼ੀ ਭਾਈ ਜਗਤਾ ਜੀ ਸਾਹਿਬ ਦਾ ਸਾਲਾਨਾ ਯੱਗ-ਸਮਾਗਮ ਅਤੇ ਟਿਕਾਣੇ ਦੇ ਨਿਰਮਾਤਾ, ਮਹਾਨ ਤਿਆਗੀ, ਵੈਰਾਗੀ ਅਤੇ ਤਪੱਸਵੀ ਸ਼੍ਰੀਮਾਨ ਮਹੰਤ ਭਾਈ ਆਸਾ ਸਿੰਘ ਜੀ ਦੀ ਬਰਸੀ ਦਾ ਸਮਾਗਮ ਦੋਵੇਂ ਇਕੱਠੇ ਹੀ ਮਿਤੀ 13, 14, 15, ਜਨਵਰੀ 2002 ਨੂੰ ਬੜੇ ਉਤਸਾਹ, ਸ਼ਰਧਾ ਤੇ ਪ੍ਰੇਮ ਨਾਲ ਮਨਾਏ ਜਾ ਰਹੇ ਹਨ। ਇਸ ਸੁਭਾਗ ਸਮੇਂ ਤੇ ਪਰਿਵਾਰ ਸਹਿਤ ਪੁੱਜ ਤੇ ਲਾਭ ਉਠਾਉਣ ਦੀ ਯਾਦ ਦਿਵਾਉਂਦੇ ਹਾਂ।

**ਸਾਧ ਸੰਗਤ ਦੇ ਦਾਸ**

(ਸੰਤ) ਭਾਈ ਕਾਹਨ ਸਿੰਘ 'ਸੇਵਾ ਪੰਥੀ'
ਫ਼ੋਨ: 283333
(ਸੰਤ) ਭਾਈ ਹਰਪਾਲ ਸਿੰਘ 'ਸੇਵਾ ਪੰਥੀ'
(ਸੰਤ) ਭਾਈ ਰਣਜੀਤ ਸਿੰਘ 'ਸੇਵਾ ਪੰਥੀ'
ਫ਼ੋਨ: 262276 ਮੋਬਾਇਲ 98140-35191
(ਸੰਤ) ਭਾਈ ਭੁਪਿੰਦਰ ਸਿੰਘ 'ਸੇਵਾ ਪੰਥੀ'
ਫ਼ੋਨ: 262657

## ਮਹੰਤ ਤੀਰਥ ਸਿਘ

'ਸੇਵਾ ਪੰਥੀ'
ਫ਼ੋਨ: 262012
ਆਲ ਇੰਡੀਆ ਮੋਬਾਇਲ
98140-32957

## ਟਿਕਾਣਾ ਭਾਈ ਜਗਤਾ ਜੀ ਸਾਹਿਬ (ਨੂਰਪੁਰ ਬਲ)

ਐਸ. ਟੀ. ਡੀ 0164- ਫ਼ੋਨ ਦਫਤਰ: 262051, 262000,263000

ੴਸਤਿਗੁਰ ਪ੍ਰਸਾਦਿ।।

१उंकार सतिगुरु प्रसादि।।

## एक पलक सुख साध समागम कोटि बैकुण्ठै पाएँ ।।

**श्रीमान गुरमुख प्यारे परम स्नेही जी !**

वाहिगुरू जी का खालसा।।

वाहिगुरू जी की फतेह ।।

टिकाना साहिब की ओर से गुरू घर की खुशियां, शुभ आर्शीवाद, सुख शान्ति, उच्चतम अवस्था को प्राप्त करने और सभी के भले के लिए अरदास ।

जैस कि आप सभी को ज्ञात है कि ब्रह्म-ज्ञानी , समदर्शी भाई जगता जी साहिब का वार्षिक यज्ञ-समागम और टिकाने के निर्माता, महान त्यागी, वैरागी और तपस्वी श्रीमान महंत भाई आसा सिंह जी की बरसी दोनों तिथि 13,14, 15 जनवरी 2002 के अनुसार बड़े उत्साह श्रद्धा और प्रेम सहित मनाए जा रहें है । इस शुभ अवसर पर आप परिवार सहित पहुंच कर लाभन्वित होवें ।

साध संगत के दास :

(संत) भाई काहन सिंह 'सेवा पंथी'
फोन : 263333

(महंत) तीर्थ सिंह 'सेवा पंथी''
फोन :262012
आल इंडिया मोबाईल
98140-32957

(संत) भाई हरपाल सिंह 'सेवा पंथी'

(संत) भाई रणजीत सिंह 'सेवा पंथी'
फोन : 262276 मोबाईल : 98140-35191

(संत) भुपिंदर सिंह 'सेवा पंथी'
फोन : 262657

## टिकाना भाई जगता जी साहिब (नुरपुर थल

गोनियाना मंडी (बठिंडा, पंजाब)

एस. टी. डी. कोड : 0164 फोन : निवास 262012 दफतर 262051

# ਪ੍ਰੋਗਰਾਮ ਪ੍ਰਚਾਰ-ਯਾਤਰਾ ਦਸੰਬਰ 2001

## ਸ਼੍ਰੀਮਾਨ 108 ਮਹੰਤ ਭਾਈ ਤੀਰਥ ਸਿੰਘ ਜੀ 'ਸੇਵਾ ਪੰਥੀ'

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)

ਕੋਡ : 0164 ਫ਼ੋਨ : 262012, 262051, 262000 ਫੈਕਸ : 262657

ਮੋਬਾ:(ਮਹੰਤ ਸਾਹਿਬ) 98140-32957,(ਸੰਤ ਗੁਰਚਰਨ ਸਿੰਘ)98140-02004ਫ਼ੋਨ:263888

| ਮਿਤੀ | ਨਗਰ | ਪਤਾ ਤੇ ਪ੍ਰੋਗਰਾਮ |
|---|---|---|
| 5-12-2001 | ਬਠਿੰਡਾ | ਸਾਲਾਨਾ ਸਮਾਗਮ.<br>ਸ਼੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ<br>(ਸਮਾਂ : ੧੧-੦੦ ਵਜੇ ਸਵੇਰੇ) |
| 7-12-2001 | ਲੁਧਿਆਣਾ | ਪਾਠ-ਸਮਾਪਤੀ,<br>ਹਰਿਮਹਿੰਦਰ ਸਿੰਘ<br>39/A -ਸਰਗੋਧਾ ਕਲੋਨੀ<br>Ph. 405327, 428776 |
| 9-12-2001 | ਲੁਧਿਆਣਾ | ਪਾਠ ਸਮਾਪਤੀ,<br>ਸ. ਮਨੋਹਰ ਸਿੰਘ<br>ਅਰਬਨ ਅਸਟੇਟ,<br>Kothi No. 677 Phase -1<br>Ph. : 500245, 537318 |
| 9-12-2001 | ਅੰਬਾਲਾ (ਹਰਿ:) | ਆਨੰਦ - ਕਾਰਜ<br>ਕਾਕਾ ਗੁਰਮੀਤ ਸਿੰਘ<br>ਸਪੁੱਤਰ ਸ. ਸੁਰਜੀਤ ਸਿੰਘ (ਚੇਅਰਮੈਨ)<br>ਅਰਬਨ ਅਸਟੇਟ,<br>Kothi No. 199 Sector -9 |
| 15-12-2001 | ਗੋਨਿਆਣਾ ਭਾਈ ਜਗਤਾ ਵਿਖੇ ਸੰਗਰਾਂਦ ਦਾ ਮਾਸਿਕ ਸਮਾਗਮ | |
| 16-12-2001 | ਦਿੱਲੀ | ਸਮਾਗਮ<br>ਭਾਈ ਘਨੱਈਆ ਸੇਵਾ ਸੋਸਾਇਟੀ<br>ਹਰੀ ਨਗਰ |

1-1-2002 ਤੋਂ 20-1-2002 ਤੱਕ — ਗੁਰਦੁਆਰਾ ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਵਿਖੇ

# ਸੁਖਮਨੀ ਸਾਹਿਬ

- ਤੀਰਥ ਸਿੰਘ 'ਸੇਵਾ ਪੰਥੀ'

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

ਆਪਿ ਜਪਾਏ ਜਪੈ ਸੋ ਨਾਉ ॥
ਆਪਿ ਗਾਵਾਏ ਸੁ ਹਰਿ ਗੁਨ ਗਾਉ ॥
ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ ॥
ਪ੍ਰਭੂ ਦਇਆ ਤੇ ਕਮਲ ਬਿਗਾਸੁ ॥
ਪ੍ਰਭ ਸੁਪ੍ਰਸੰਨ ਬਸੈ ਮਨਿ ਸੋਇ ॥
ਪ੍ਰਭ ਦਇਆ ਤੇ ਮਤਿ ਊਤਮ ਹੋਇ ॥
ਸਰਬ ਨਿਧਾਨ ਪ੍ਰਭ ਤੇਰੀ ਮਇਆ ॥
ਆਪਹੁ ਕਛੂ ਨ ਕਿਨਹੂ ਲਇਆ ॥
ਜਿਤੁ ਜਿਤੁ ਲਾਵਹੁ ਤਿਤੁ ਲਗਹਿ ਹਰਿ ਨਾਥ ॥
ਨਾਨਕ ਇਨ ਕੈ ਕਛੂ ਨ ਹਾਥ ॥

**ਆਪਿ ਜਪਾਏ ਜਪੈ ਸੋ ਨਾਉ ॥**

**ਆਪਿ ਗਾਵਾਏ ਸੁ ਹਰਿ ਗੁਨ ਗਾਉ ॥**

**ਅਰਥ** - ਜਿਸਨੂੰ ਉਹ ਪ੍ਰਭੂ ਆਪ ਨਾਮ ਜਪਾਏ ਉਹੀ ਪੁਰਸ਼ ਨਾਮ ਜਪਦਾ ਹੈ। ਜਿਸ ਪੁਰਸ਼ ਪਾਸੋਂ ਪ੍ਰਭੂ ਆਪ ਗੁਣ ਗਾਵਾਏ ਉਹ ਪੁਰਖ ਹੀ (ਪ੍ਰਭੂ) ਹਰੀ ਦੇ ਗੁਣ ਗਾਉਂਦਾ ਹੈ।

**ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ ॥**

**ਪ੍ਰਭੂ ਦਇਆ ਤੇ ਕਮਲ ਬਿਗਾਸੁ ॥**

**ਅਰਥ** :- ਪ੍ਰਭੂ ਦੀ ਕਿਰਪਾ ਕਰਕੇ ਹੀ ਜੀਵ ਨੂੰ (ਗਿਆਨ) ਦਾ ਪ੍ਰਕਾਸ਼ ਹੁੰਦਾ ਹੈ। ਪ੍ਰਭੂ ਦੀ ਦਇਆ ਨਾਲ ਹੀ ਜੀਵ ਦੇ ਹਿਰਦੇ ਦਾ ਕਮਲ ਖਿੜ ਜਾਂਦਾ ਹੈ।

**ਪ੍ਰਭ ਸੁਪ੍ਰਸੰਨ ਬਸੈ ਮਨਿ ਸੋਇ ॥**

**ਪ੍ਰਭ ਦਇਆ ਤੇ ਮਤਿ ਊਤਮ ਹੋਇ ॥**

**ਅਰਥ** :- ਜਦੋ ਉਹ ਪ੍ਰਭੂ ਆਪ ਪ੍ਰਸੰਨ ਹੁੰਦਾ ਹੈ ਤਾਂ ਉਹ ਉਸ ਭਾਗਾਂ ਵਾਲੇ ਜੀਵ ਦੇ ਮਨ ਵਿੱਚ ਆ ਵਸਦਾ ਹੈ। ਪ੍ਰਭੂ ਦੀ ਕ੍ਰਿਪਾ ਨਾਲ ਹੀ ਜੀਵ ਦੀ ਬੁੱਧੀ (ਮਤ) ਉਤਮ ਹੋ ਜਾਂਦੀ ਹੈ।

**ਸਰਬ ਨਿਧਾਨ ਪ੍ਰਭ ਤੇਰੀ ਮਇਆ ॥**

**ਆਪਹੁ ਕਛੂ ਨ ਕਿਨਹੂ ਲਇਆ ॥**

**ਅਰਥ** :- ਹੇ ਪ੍ਰਭੂ! ਸਭ (ਨਿਧਾਨ) ਖਜ਼ਾਨੇ ਤੇਰੀ ਕਿਰਪਾ ਨਾਲ ਹੀ ਪ੍ਰਾਪਤ ਹੁੰਦੇ ਹਨ। ਆਪਣੇ ਆਪ ਤੋਂ ਤਾਂ ਕਦੇ ਕਿਸੇ ਨੇ ਕੁਝ ਨਹੀਂ ਲਿਆ।

**ਜਿਤੁ ਜਿਤੁ ਲਾਵਹੁ ਤਿਤੁ ਲਗਹਿ ਹਰਿ ਨਾਥ ॥**

**ਨਾਨਕ ਇਨ ਕੈ ਕਛੂ ਨ ਹਾਥ ॥**

**ਅਰਥ** :- ਗੁਰੂ ਜੀ ਕਹਿੰਦੇ ਹਨ ਕਿ ਹੇ ਪਰਮਾਤਮਾ! ਜਿਸ ਪਾਸੇ ਤੁਸੀ ਜੀਵਾਂ ਨੂੰ ਲਗਾਉਂਦੇ ਹੋ ਉਧਰ ਹੀ ਇਹ ਜੀਵ ਲੱਗ ਰਹੇ ਹਨ ਕਿਉਂਕਿ ਇਨ੍ਹਾਂ ਜੀਵਾਂ ਦੇ ਆਪਣੇ ਹੱਥ ਵਿੱਚ ਕੁਝ ਵੀ ਨਹੀਂ ਹੈ।

(ਚਲਦਾ ....)

# ਸੋ ਦਰੁ ਰਹਿਰਾਸ ਸਾਹਿਬ

- ਸੰਤ ਕਾਹਨ ਸਿੰਘ 'ਸੇਵਾ ਪੰਥੀ'

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ।

ੴ

ਕਬਿ ਬਾਚ ॥ ਦੋਹਰਾ ॥

ਜੋ ਨਿਜ ਪ੍ਰਭ ਮੋ ਸੋ ਕਹਾ ਸੋ ਕਹਿਹੋਂ ਜਗ ਮਾਹਿ ॥
ਜੋ ਤਿਹ ਪ੍ਰਭ ਕੋ ਧਿਆਇ ਹੈ ਅੰਤ ਸੁਰਗ ਕੋ ਜਾਹਿ ॥ ੧ ॥
ਦੋਹਰਾ ॥ ਹਰਿ ਹਰਿ ਜਨ ਦੁਇ ਏਕ ਹੈ
ਬਿਬ ਬਿਚਾਰ ਕਛੁ ਨਾਹਿ ॥
ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ ॥੨॥
ਦੋਹਰਾ ॥ ਜਬ ਆਇਸੁ ਪ੍ਰਭ ਕੋ ਭਯੋ ਜਨਮੁ ਧਰਾ ਜਗ ਆਇ॥
ਅਬ ਮੈ ਕਥਾ ਸੰਛੇਪਤੇ ਸਭਹੂੰ ਕਹਤ ਸੁਨਾਇ ॥ ੩ ॥
ਕਬਿ ਬਾਚ ॥ ਦੋਹਰਾ ॥
ਠਾਢ ਭਯੋ ਮੈ ਜੋਰਿ ਕਰਿ ਬਚਨ ਕਹਾ ਸਿਰ ਨਜਾਇ॥
ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ ॥੪॥
ਦੋਹਰਾ ॥ ਜੇ ਜੇ ਤੁਮਰੇ ਧਿਆਨ ਕੋ ਨਿਤ ਉਠਿ ਧਿਐਹੈ ਸੰਤ॥
ਅੰਤ ਲਹੈਂਗੇ ਮੁਕਤਫਲੁ ਪਾਵਹਿਗੇ ਭਗਵੰਤ ॥ ੫ ॥

**ਜੋ ਨਿਜ ਪ੍ਰਭ ਮੋ ਸੋ ਕਹਾ ਸੋ ਕਹਿਹੋਂ ਜਗ ਮਾਹਿ ॥**

**ਜੋ ਤਿਹ ਪ੍ਰਭ ਕੋ ਧਿਆਇ ਹੈ ਅੰਤ ਸੁਰਗ ਕੋ ਜਾਹਿ ॥**

**ਅਰਥ** - ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਥਨ ਕਰਦੇ ਹਨ ਕਿ ਮੈਂ ਉਹ ਕੁਝ ਸੰਸਾਰ ਦੇ ਜੀਆਂ ਨੂੰ ਕਹਿ ਰਿਹਾ ਹਾਂ ਜੋ ਕੁਝ ਪ੍ਰਭੂ ਨੇ ਆਪ ਮੈਨੂੰ ਆਖਿਆ ਹੈ। ਜਿਹੜੇ ਪੁਰਸ਼ ਉਸ ਪ੍ਰਭੂ ਦਾ ਸਿਮਰਨ ਕਰਨਗੇ ਉਹ ਅੰਤ ਨੂੰ ਸੁਰਗ ਵਿਚ ਜਾਣਗੇ ਭਾਵ ਪ੍ਰਭੂ ਦਾ ਸਿਮਰਨ ਕਰਨ ਵਾਲੇ ਮਨੁੱਖ ਸੁਖਦਾਈ ਅਵਸਥਾ ਨੂੰ ਪ੍ਰਾਪਤ ਕਰਨਗੇ।

**ਹਰਿ ਹਰਿ ਜਨ ਦੁਇ ਏਕ ਹੈ ਬਿਬ ਬਿਚਾਰ ਕਛੁ ਨਾਹਿ ॥**

**ਜਲ ਤੇ ਉਪਜ ਤਰੰਗ ਜ਼ਿਉ ਜਲ ਹੀ ਬਿਖੈ ਸਮਾਹਿ ॥**

**ਅਰਥ** : ਹਰੀ (ਪ੍ਰਮਾਤਮਾ) ਤੇ ਹਰੀ ਦੇ ਸੇਵਕ ਦੋਵੇਂ ਇਕ ਹਨ ਇਹਨਾਂ ਅੰਦਰ ਇਕ ਦੂਜੇ ਦਾ ਕੋਈ ਵਿਚਾਰ ਨਹੀਂ ਹੈ। ਜਿਸ ਤਰ੍ਹਾਂ ਪਾਣੀ ਤੋਂ ਪਾਣੀ ਦੀਆਂ ਤਰੰਗਾਂ ਪੈਦਾ ਹੋ ਕੇ ਪਾਣੀ ਦੇ ਵਿਚ ਹੀ ਮਿਲ ਜਾਂਦੀਆਂ ਹਨ। ਉਸੇ ਤਰ੍ਹਾਂ ਹਰੀ ਦੇ ਭਗਤ ਹਉਮੈਂ ਦਾ ਤਿਆਗ ਕਰਕੇ ਹਰੀ ਦਾ ਸਰੂਪ ਹੋ ਜਾਂਦੇ ਹਨ।

**ਜਬ ਆਇਸੁ ਪ੍ਰਭ ਕੋ ਭਯੋ ਜਨਮੁ ਧਰਾ ਜਗ ਆਇ ॥**

**ਅਬ ਮੈ ਕਥਾ ਸੰਛੇਪਤੇ ਸਭਹੂੰ ਕਹਤ ਸੁਨਾਇ ॥**

**ਅਰਥ** : ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਥਨ ਕਰਦੇ ਹਨ ਕਿ ਜਦੋਂ ਪਰਮੇਸ਼ਵਰ ਦੀ ਆਗਿਆ ਹੋਈ ਤਾਂ ਮੈ ਜਗਤ ਵਿਚ ਜਨਮ ਧਾਰ ਕੇ ਆਇਆ ਹਾਂ ਹੁਣ ਮੈਂ ਉਸ ਕਥਾ ਨੂੰ ਸੰਖੇਪ ਕਰਕੇ ਸਭ ਨੂੰ ਸੁਣਾਉਦਾ ਹਾਂ।

**ਠਾਢ ਭਯੋ ਮੈ ਜੋਰਿ ਕਰਿ ਬਚਨ ਕਹਾ ਸਿਰ ਨਜਾਇ ॥**

**ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ ॥**

**ਅਰਥ** : ਮੈਂ ਪ੍ਰਭੂ ਅੱਗੇ ਹੱਥ ਜੋੜ ਕੇ ਖੜ੍ਹਾ ਹੋ ਗਿਆ ਤੇ ਸਿਰ ਨਿਵਾ ਕੇ ਇਹ ਬੇਨਤੀ ਕੀਤੀ ਕਿ ਹੇ ਪ੍ਰਭੂ ! ਖਾਲਸਾ ਪੰਥ ਜਗਤ ਵਿਚ ਤਦੋਂ ਚਲੇਗਾ। ਜਦੋਂ ਆਪ ਸਹਾਇਤਾ ਕਰੋਗੇ।

**ਜੇ ਜੇ ਤੁਮਰੇ ਧਿਆਨ ਕੋ ਨਿਤ ਉਠਿ ਧਿਐਹੈਂ ਸੰਤ ॥**

**ਅੰਤ ਲਹੈਂਗੇ ਮੁਕਤਫਲੁ ਪਾਵਹਿਗੇ ਭਗਵੰਤ ॥**

**ਅਰਥ** - ਹੇ ਅਕਾਲ ਪੁਰਖ ਜੀ ! ਜੋ ਜੋ ਸੰਤ ਭਗਤ ਰੋਜ ਅੰਮ੍ਰਿਤ ਵੇਲੇ ਉਠ ਕੇ ਤੇਰੇ ਸਰੂਪ ਦਾ ਧਿਆਨ ਕਰਨਗੇ ਤੇਰੇ ਨਾਮ ਵਿਚ ਸੁਰਤੀ ਜੋੜਨਗੇ ਉਹ ਅੰਤ ਵਿਚ ਦੁੱਖਾਂ ,ਪਾਪਾਂ ਤੋਂ ਛੁੱਟਕਾਰਾ ਹਾਸਲ ਕਰਨਗੇ ਅਤੇ ਹੇ ਭਗਵੰਤ ! ਤੇਰੇ ਨਾਲ ਆਤਮਿਕ ਮੇਲ ਕਰ ਲੈਣਗੇ ਭਾਵ ਤੁਹਾਨੂੰ ਹਿਰਦੇ ਵਿਚ ਪ੍ਰਾਪਤ ਕਰ ਲੈਣਗੇ।

(ਚਲਦਾ ....)

ੴ



# ਬਾਦਸ਼ਾਹ ਦਰਵੇਸ਼ ਗੁਰੁ ਗੋਬਿੰਦ ਸਿੰਘ

- ਭਾਈ ਨੰਦ ਲਾਲ ਜੀ 'ਗੋਯਾ'

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

**ਫ਼ਾਇਜ਼ੁਲ ਅਨਵਾਰ ਗੁਰੁ ਗੋਬਿੰਦ ਸਿੰਘ ॥**
**ਕਾਸ਼ਫੁਲ ਅਸਰਾਰ ਗੁਰੁ ਗੋਬਿੰਦ ਸਿੰਘ ॥**
**ਆਲਮੁਲ ਅਸਤਾਰ ਗੁਰੁ ਗੋਬਿੰਦ ਸਿੰਘ ॥**
**ਅਬਰਿ ਰਹਿਮਤ ਬਾਰ ਗੁਰੁ ਗੋਬਿੰਦ ਸਿੰਘ ॥**

ਫ਼ਾਇਜ਼ੁਲ ਅਨਵਾਰ ਗੁਰੁ ਗੋਬਿੰਦ ਸਿੰਘ ॥
ਕਾਸ਼ਫੁਲ ਅਸਰਾਰ ਗੁਰੁ ਗੋਬਿੰਦ ਸਿੰਘ ॥

ਅਰਥ : ਗੁਰੂ ਗੋਬਿੰਦ ਸਿੰਘ ਰੱਬੀ ਨੂਰ ਦੀ ਬਖਸ਼ਿਸ਼ ਕਰਨ ਵਾਲਾ ਹੈ, ਗੁਰੂ ਗੋਬਿੰਦ ਰੱਬੀ ਰਮਜਾਂ ਨੂੰ ਖੋਹਲਣ ਵਾਲਾ ਹੈ ।

ਆਲਮੁਲ ਅਸਤਾਰ ਗੁਰੁ ਗੋਬਿੰਦ ਸਿੰਘ ॥
ਅਬਰਿ ਰਹਿਮਤ ਬਾਰ ਗੁਰੁ ਗੋਬਿੰਦ ਸਿੰਘ ॥

ਅਰਥ : ਗੁਰੂ ਗੋਬਿੰਦ ਸਿੰਘ ਪਰਦੇ ਵਿਚ ਲੁਕੀਆਂ ਗੱਲਾਂ ਦਾ ਜਾਣਨਹਾਰ ਹੈ, ਗੁਰੂ ਗੋਬਿੰਦ ਸਿੰਘ ਬਖ਼ਸ਼ਿਸ਼ਾਂ ਵਰਸਾਉਣ ਵਾਲਾ ਬੱਦਲ ਹੈ ।

(ਚਲਦਾ ....)



# ੴ

# ਸੰਖੇਪ-ਜੀਵਨੀ

## ਸ੍ਰੀ ਗੁਰੂ ਤੇਗ਼ ਬਹਾਦਰ ਜੀ

| | | |
|---|---|---|
| ਨਾਮ | : | ਪਹਿਲਾ ਤਿਆਗ ਮੱਲ ਪਰ ਜੰਗ ਵਿੱਚ ਤੇਗ਼ ਦੇ ਜ਼ੌਹਰ ਦਿਖਾਉਣ ਤੇ ਤੇਗ਼ ਬਹਾਦਰ |
| ਪਾਤਸ਼ਾਹੀ | : | ਨੌਂਵੀਂ |
| ਪ੍ਰਕਾਸ਼ ਦਿਵਸ ਤਿਥੀ ਤੇ ਸਥਾਨ | : | ੧ ਅਪ੍ਰੈਲ ੧੬੨੧ ਈ:, ਵਿਸਾਖ ਵਦੀ ੫, ੧੬੭੮ ਬਿਕ੍ਰਮੀ ਨੂੰ ਗੁਰੂ ਕੇ ਮਹਿਲ, ਸ੍ਰੀ ਅੰਮ੍ਰਿਤਸਰ |
| ਪਿਤਾ ਜੀ ਦਾ ਨਾਮ | : | ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ |
| ਮਾਤਾ ਜੀ ਦਾ ਨਾਮ | : | ਮਾਤਾ ਨਾਨਕੀ ਜੀ ਸਪੁੱਤਰੀ ਸ੍ਰੀ ਹਰੀ ਚੰਦ ਬਕਾਲਾ ਨਿਵਾਸੀ |
| ਮਹਿਲਾਂ ਦਾ ਨਾਮ | : | ਬੀਬੀ ਗੂਜਰੀ ਜੀ ਸਪੁੱਤਰੀ ਸ੍ਰੀ ਲਾਲ ਚੰਦ (ਕਰਤਾਰਪੁਰ) |
| ਅਨੰਦ-ਕਾਰਜ | : | ੧ ਅਕਤੂਬਰ ੧੬੩੨, ੧੬ ਅੱਸੂ, ੧੬੮੯ ਦਿਨ ਐਤਵਾਰ |
| ਗੁਰਗੱਦੀ ਨਸ਼ੀਨੀ ਦਿਵਸ ਤੇ ਸਥਾਨ | : | ੧੧-੮-੧੬੬੪ ਈ: ਬਾਬਾ ਬਕਾਲਾ ਵਿਖੇ (ਦਿੱਲੀ ਵਿਖੇ) 8ਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਜੋਤੀ-ਜੋਤਿ ਸਮਾਉਣ ਉਪਰੰਤ |
| ਸੰਤਾਨ | : | ਇੱਕ ਸਪੁੱਤਰ ਸ੍ਰੀ ਗੋਬਿੰਦ ਰਾਏ ਜੀ ਜੋ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਮਗਰੋਂ ਦਸਵੇਂ ਗੁਰੂ ਦੇ ਰੂਪ ਵਿੱਚ ਗੁਰਗੱਦੀ ਤੇ ਬਿਰਾਜਮਾਨ ਹੋਏ ਅਤੇ ੧੬੯੯ ਈ: ਦੀ ਵੈਸਾਖੀ ਵਾਲੇ ਦਿਨ ਅੰਮ੍ਰਿਤ ਦੀ ਦਾਤ ਪੰਜ ਪਿਆਰਿਆਂ ਨੂੰ ਵੰਡਣ ਉਪਰੰਤ ਆਪ ਛਕ ਕੇ ਗੁਰੂ ਗੋਬਿੰਦ ਸਿੰਘ ਅਖਵਾਏ। |
| ਕੁੱਲ ਉਮਰ | : | ਤਕਰੀਬਨ ੫੪ ਸਾਲ |
| ਪਵਿੱਤਰ ਨਗਰ ਵਸਾਏ | : | ਸ੍ਰੀ ਆਨੰਦਪੁਰ ਸਾਹਿਬ ਸਤਲੁਜ ਕੰਢੇ ੧੯ ਜੂਨ ੧੬੬੫ |
| ਜੋਤਿ-ਜੋਤਿ ਸਮਾਉਣ | : | ੧੧-੧੧-੧੬੭੫ ਈ: ਨੂੰ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਦਿੱਲੀ ਚਾਂਦਨੀ ਚੌਂਕ ਵਿਖੇ ਸਮਾਣੇ ਦੇ ਜਲਾਦ ਜਲਾਲੂਦੀਨ ਹੱਥੋਂ ਸ਼ਹੀਦ ਕਰਵਾਇਆ। |
| ਗੁਰਗੱਦੀ ਕਾਲ | : | ਤਕਰੀਬਨ ੧੧ ਵਰ੍ਹੇ |
| ਬਾਣੀ ਰਚਨਾ | : | ੧੧੫ ਸ਼ਬਦ ਤੇ ਸਲੋਕ ੧੬ ਰਾਗਾਂ ਵਿੱਚ ਹਨ, ੩੧ਵੇਂ ਰਾਗ ਜੈਜਾਵੰਤੀ ਵਿੱਚ ਵੀ ਬਾਣੀ ਰਚੀ। ਇਨ੍ਹਾਂ ਦੀ ਬਾਣੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਦਿ ਗ੍ਰੰਥ ਸਾਹਿਬ ਵਿੱਚ ਚੜ੍ਹਾਈ ਹੈ। |
| ਯੋਗਦਾਨ | : | 1. ਆਪਣੀ ਸ਼ਹਾਦਤ ਦੇ ਕੇ ਹਿੰਦੂ ਧਰਮ ਦੀ ਰੱਖਿਆ ਕੀਤੀ ਤੇ ਹਿੰਦ ਦੀ ਚਾਦਰ ਬਣੇ। 2. ਨਾ ਕਿਸੇ ਤੋਂ ਡਰਨ ਦਾ ਤੇ ਨਾ ਹੀ ਕਿਸੇ ਨੂੰ ਡਰਾਉਣ ਦਾ ਉਪਦੇਸ਼ ਦਿੱਤਾ। 3. ਹੱਕ ਇਨਸਾਫ ਤੇ ਧਰਮ ਦੀ ਆਨ-ਸ਼ਾਨ ਲਈ ਆਪਾ ਵਾਰਨ ਦੀ ਜਾਚ ਦੱਸੀ। |
| ਸਮਕਾਲੀ ਹੁਕਮਰਾਨ | : | ਔਰੰਗਜ਼ੇਬ |

# ਗੁਰੂ ਤੇਗ਼ ਬਹਾਦਰ ਜੀ ਦੀ ਪ੍ਰਤਿੱਭਾ

-ਪ੍ਰੋ: ਜੋਗਿੰਦਰ ਸਿੰਘ

'ਗੁਰੂ ਤੇਗ਼ ਬਹਾਦਰ ਜੀ' ਸ੍ਰੀ ਗੁਰੂ ਗਰੰਥ ਸਾਹਿਬ ਦੇ ਨਿਰਮਾਤਾ-ਗੁਰੂ-ਕਵੀਆਂ ਵਿੱਚੋਂ ਵਿਸ਼ੇਸ਼ ਤੇ ਵਿਲੱਖਣ ਪਰ ਅਤਿ ਗੰਭੀਰ, ਭਗਤੀ ਰਸ ਵਿੱਚ ਲੀਨ, ਮੋਹ ਮਾਇਆ ਨੂੰ ਤ੍ਰਿਸਕਾਰਨ ਤੇ ਖਾਹਿਸ਼ਾਂ ਵੱਲੋਂ ਵੀ ਪੂਰਨ ਤੌਰ ਤੇ ਤਿਆਗੀ, ਸਾਦਗੀ ਭਰਪੂਰ, ਨਿਰਭੈ ਤੇ ਅਡੋਲ, ਕਰਤਾਰੀ ਤੇ ਬਲ ਵਾਲੀ, ਸੂਰਬੀਰ ਤੇ ਤੇਗ਼ ਦੀ ਧਨੀ, ਧਰਮ ਤੇ ਵੈਰਾਗ ਦੀ ਮੂਰਤਿ, ਪਾਖੰਡ ਵਿਰੋਧੀ, ਦਵੈਤ ਤੇ ਦੁੱਖ ਸੁੱਖ ਤੋਂ ਬੇਪਰਵਾਹ, ਪ੍ਰਭੂ ਨਾਮ-ਬਾਣੀ ਦੀ ਅਭਿਆਸੀ, ਸਵੈ ਤੇ ਪਰ-ਸਤਿਕਾਰ ਦੀ ਹਾਮੀ, ਸ਼ੁੱਧ ਰੂਪ ਵਿਚ ਗੌਰਵ ਵਾਲੀ, ਮਾਨਵ-ਹਿੱਤਾਂ ਵਿੱਚ ਆਪਣੇ ਹਿੱਤਾਂ ਨੂੰ ਕੁਰਬਾਨ ਕਰ ਦੇਣ ਵਾਲੀ, ਰੂਪ ਤੇ ਕਰੂਪ ਕਰਤੱਵਾਂ ਨੂੰ ਪ੍ਰਭੂ-ਭਾਣੇ ਵਿੱਚ ਅਤਿ ਸਰੇਸ਼ਟ ਤੇ ਸਮਦ੍ਰਿਸ਼ਟ ਸਮਝਣ ਵਾਲੀ ਪ੍ਰਤਿੱਭਾ ਸੀ। ਗੁਰੂ ਪ੍ਰਤਿੱਭਾਵਾਂ ਭਾਵੇ ਸਰੀਰ ਰੂਪ ਵਿਚ ਦਸ ਸਨ ਪਰ ਸ਼ਬਦ-ਜੋਤਿ ਦੇ ਰੂਪ ਵਿਚ ਗੁਰੂ - ਪ੍ਰਤਿੱਭਾ ਇਕੋ ਹੀ ਸੀ। ਹਾਂ ਵਿਅਕਤੀਗਤ ਪੱਧਰ ਤੇ ਗੁਰੂ-ਪ੍ਰਤਿੱਭਾ ਦਾ ਰੂਪ-ਰੰਗ ਤੇ ਰਸ-ਰਾਗ ਵੱਖਰਾ ਜ਼ਰੂਰ ਦ੍ਰਿਸ਼ਟੀ ਗੋਚਰ ਹੁੰਦਾ ਹੈ। ਗੁਰੂ ਤੇਗ ਬਹਾਦਰ ਜੀ ਦੀ ਪ੍ਰਤਿੱਭਾ ਭਾਵੇਂ ਗੁਰੂ ਨਾਨਕ-ਪ੍ਰਤਿੱਭਾ ਦਾ ਹੀ ਨੌਂਵਾਂ ਰੂਪ ਸੀ ਪਰ ਉਹਨਾਂ ਦਾ ਰਸ-ਰੰਗ ਬਾਕੀ ਗੁਰੂਆਂ ਨਾਲੋਂ ਬਿਲਕੁਲ ਵੱਖਰਾ ਹੈ। ਜੀਵਨ-ਉਦੇਸ਼ ਤੇ ਪ੍ਰਾਪਤੀ ਮਾਰਗ ਸਰਬ ਗੁਰੂਆਂ ਦਾ ਸਾਂਝਾ ਹੈ, ਹਾਂ ਵਾਤਾਵਰਨ-ਮੰਡਲ ਦਾ ਕਾਫੀ ਫਰਕ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਜੀਵਨ ਘਾਲਣਾ ਤੇ ਉਹਨਾਂ ਦਾ ਬਾਣੀ-ਮੰਡਲ ਤਾਂ ਸਮੁੱਚੀ ਅਧਿਆਤਮਿਕ ਜ਼ਿੰਦਗੀ ਤੇ ਕਵਿਤਾ ਵਿਚ ਆਪਣਾ ਵਿਸ਼ੇਸ਼ ਤੇ ਵਿਲੱਖਣ ਸਥਾਨ ਰੱਖਦਾ ਹੈ। ਇਸੇ ਕਰਕੇ ਗੁਰੂ ਤੇਗ਼ ਬਹਾਦਰ ਜੀ ਦੀ ਪ੍ਰਤਿੱਭਾ ਵੱਲੋਂ ਮਾਨਵ-ਹਿੱਤਾਂ ਨਮਿਤ ਦਿੱਤੀ ਜਿਹੜੀ ਸ਼ਹਾਦਤ ਹੈ ਉਹ ਸਰਬ ਗੁਰੂ ਇਤਿਹਾਸ ਵਿਚ ਆਪਣਾ ਅਦੁੱਤੀ ਗੌਰਵਸ਼ਾਲੀ ਤੇ ਆਸ਼ਾਵਾਦੀ ਥਾਂ ਨਿਸਚਿਤ ਕਰਦੀ ਹੈ।

ਬਾਬਾ ਫਰੀਦ 'ਸ਼ੱਕਰ ਗੰਜ' ਵੀ ਸ੍ਰੀ ਗੁਰੂ ਗਰੰਥ ਸਾਹਿਬ ਦੀ ਇਕ ਅਜਿਹੀ ਕਾਵਿ-ਪ੍ਰਤਿੱਭਾ ਹੈ, ਜਿਹੜੀ ਸੂਫੀ ਮਤ ਵਿਚ ਆਪਣਾ ਵਿਸ਼ੇਸ਼ ਤੇ ਵਿਲੱਖਣ ਸਥਾਨ ਰੱਖਦੀ ਹੈ। ਸੁਭਾਅ ਵੱਜੋਂ ਗੰਭੀਰ,ਮਨ ਵੱਜੋਂ ਇੱਕ ਚੰਗੀ ਤੇ ਦੈਵੀ ਫ਼ਕੀਰ ਪਹਿਰਾਵੇ ਵਿੱਚ ਭਰਪੂਰ-ਸਾਦਗੀ, ਵਿਚਾਰਾਂ ਵਿੱਚ ਸੁਹਿਰਦ ਤੇ ਸੁਤੰਤਰ-ਉੱਚਤਾ, ਵਿਸੁ-ਗੰਦਲਾਂ ਦੀ ਤਿਆਗੀ,ਸ਼ੁੱਭ ਅਮਲਾਂ ਦੀ ਦ੍ਰਿੜ੍ਹ ਹਾਮੀ, ਮਾਨਵ ਪਿਆਰ ਦੀ ਮੁਤਲਾਸ਼ੀ ਤੇ ਰੱਬੀ-ਭਾਣੇ ਦੀ ਪੂਰਨ ਵਿਸ਼ਵਾਸੀ ਹੈ। ਭਾਵੇਂ ਦੈਵੀ-ਗੁਣ ਉਤੇ ਬਾਬਾ ਫ਼ਰੀਦ ਜੀ ਤੇ ਗੁਰੂ ਤੇਗ਼ ਬਹਾਦਰ ਜੀ ਵਿਚ ਸਾਂਝ ਹੈ, ਵਿਸ਼ੇਸ਼ ਤੌਰ ਤੇ ਬਾਣੀ-ਮੰਡਲ ਦੇ ਵਾਤਾਵਰਣ ਵਿੱਚ ਬਹੁਤ ਹੀ ਸਾਂਝ ਹੈ। ਸ਼ਾਇਦ ਇਸੇ ਕਰਕੇ ਗੁਰੂ ਗਰੰਥ ਸਾਹਿਬ ਵਿਚ ਬਾਬਾ ਜੀ ਨੂੰ ਉਹੀ ਸਥਾਨ ਪ੍ਰਾਪਤ ਹੋ ਗਿਆ ਹੈ ਜੋ ਗੁਰੂ ਤੇਗ਼ ਬਹਾਦਰ ਦੀ ਨੂੰ ਪ੍ਰਾਪਤ ਹੈ। ਪਰ ਗੁਰੂ ਤੇਗ਼ ਬਹਾਦਰ ਜੀ ਦੀ ਜੀਵਨ- ਘਾਲਣਾ ਤੇ ਪ੍ਰਤਿੱਭਾ ਦੇ ਪ੍ਰਭਾਵ ਦਾ ਜਿਹੜਾ ਪ੍ਰਤੀਕਰਮ ਉਜਾਗਰ ਹੁੰਦਾ ਹੈ, ਉਸ ਆਧਾਰ ਤੇ ਬਾਬਾ ਫਰੀਦ ਜੀ ਦੀ ਪ੍ਰਤਿੱਭਾ ਦੈਵੀ ਹੁੰਦੀ ਹੋਈ ਵੀ ਗੁਰੂ ਤੇਗ਼ ਬਹਾਦਰ ਜੀ ਵਾਂਗ ਨਾ ਤਾਂ ਸੂਰਬੀਰ ਤੇ ਤੇਗ ਦੀ ਧਨੀ ਹੈ, ਨਾ ਹੀ ਮਾਨਵ-ਹਿੱਤਾਂ ਨਮਿਤ ਸ਼ਹਾਦਤ ਦੇ ਦੇਣ ਦੀ ਸਮਰੱਥਾ

ਰੱਖਦੀ ਹੈ। ਬਾਬਾ ਫ਼ਰੀਦ ਜੀ ਭਗਤੀ -ਪੱਧਰ ਉਤੇ ਮਨੁੱਖ ਤੇ ਮਨੁੱਖਤਾ ਨੂੰ ਪਰਿਵਾਰਕ ਸਾਂਝ ਦਾ ਰਿਸ਼ਤਾ ਸਿਖਾਉਣ ਦਾ ਯਤਨ ਕਰਦੇ ਹਨ ਤੇ ਨਾਸ਼ਮਾਨ ਆਡੰਬਰਾਂ ਦੇ ਚਿੱਤਰ ਮੂਰਤੀਵਾਨ ਕਰਕੇ . ਮੋਹ -ਮਾਇਆ ਨਾਲ ਜੁੜੇ ਜਿਹੜੇ ਮਨੁੱਖੀ ਹਿੱਤ ਹਨ, ਉਹਨਾਂ ਵਿੱਚ ਇੱਕ ਤਰ੍ਹਾਂ ਦੀ ਟੁੱਟ-ਭੱਜ ਪੈਦਾ ਕਰਕੇ ਮਨੁੱਖਤਾ ਨੂੰ ਇਹ ਅਹਿਸਾਸ ਵੀ ਕਰਾਉਂਦੇ ਹਨ ਕਿ ਕੇਵਲ ਪ੍ਰਭੂ- ਬੰਦਗੀ ਤੇ ਕੀਤੇ ਹੋਏ ਕਰਤਾਰੀ ਤੇ ਸ਼ੁੱਭ-ਅਮਲ ਹੀ ਤੁਹਾਡੇ ਸਾਥੀ ਬਣਦੇ ਹਨ, ਬਾਕੀ ਜੋ ਕੁਝ ਵੀ ਹੈ, ਉਹ ਨਾਸ਼ਮਾਨ ਹੈ ਤੇ ਤੁਹਾਡਾ ਸਾਥੀ ਨਹੀਂ। ਭਾਵੇਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ -ਮੰਡਲ ਵੀ ਬਾਬਾ ਫ਼ਰੀਦ ਜੀ ਵਾਂਗ ਨਿਰਾਸ਼ਾ ਪ੍ਰਧਾਨ ਮੰਡਲ ਉਸਾਰ ਕੇ ਮਨੁੱਖ ਦੀਆਂ ਮੋਹ ਮਾਇਆ ਨਾਲ ਜਿਹੜੀਆਂ ਅਟੁੱਟ ਸਾਂਝਾਂ ਹਨ ਉਹਨਾਂ ਨੂੰ ਢਿੱਲਾ ਕਰਨ ਦਾ ਪੈਗ਼ਾਮ ਦਿੰਦੇ ਹਨ ਪਰ ਗੁਰੂ ਤੇਗ਼ ਬਹਾਦਰ ਜੀ ਨੇ ਜਿਵੇਂ ਜੀਵਨ-ਖੇਤਰ ਵਿਚ ਰਾਜ ਸੱਤਾ ਦਾ ਵਿਰੋਧ ਕੀਤਾ ਹੈ, ਰਾਜ ਸੱਤਾ ਦੇ ਅਧਿਕਾਰੀਆਂ ਨਾਲ ਸੰਘਰਸ਼ ਕੀਤਾ ਹੈ , ਰਾਜ ਸੱਤਾ ਤੋਂ ਬੇਪਰਵਾਹ ਹੋਣ ਦਾ ਪੱਥ-ਪ੍ਰਦਰਸ਼ਨ ਕੀਤਾ ਹੈ ਤੇ ਅੰਤ ਜੇ ਰਾਜ-ਸੱਤਾ ਦੇ ਜ਼ਬਰ ਤੇ ਜ਼ੁਲਮ ਨੂੰ ਢਿੱਲਾ ਕਰਨ ਵਿਚ ਸੀਸ ਦੇਣਾ ਪਿਆ ਹੈ ਤਾਂ ਉਹ ਵੀ ਦੇ ਦਿੱਤਾ ਹੈ ਪਰ ਸਿਰੜ ਨੂੰ, ਭਗਤੀ -ਸਿਧਾਂਤ ਤੇ ਅਮਲ ਨੂੰ ਆਪਣੇ ਆਸ਼ੇ ਤੇ ਉਦੇਸ਼ ਨੂੰ ਆਪਣੇ ਆਤਮ ਗੌਰਵ ਨੂੰ ਨਹੀਂ ਤਿਆਗਿਆ। ਬਾਬਾ ਫਰੀਦ ਜੀ ਵੇਲੇ ਵੀ ਰਾਜ-ਸੱਤਾ ਦਾ ਉਹੀ ਹਾਲ ਸੀ ਜਿਹੜਾ ਗੁਰੂ ਤੇਗ ਬਹਾਦਰ ਜੀ ਵੇਲੇ ਰਾਜ-ਸੱਤਾ ਦਾ ਸੀ , ਪਰ ਬਾਬਾ ਫਰੀਦ ਜੀ ਆਪਣੀ ਸਮਕਾਲੀ ਰਾਜ ਸੱਤਾ ਨੂੰ ਨਾ ਤਾਂ ਸੁਧਾਰ ਸਕੇ ਅਤੇ ਨਾ ਹੀ ਸੀਸ ਦੇ ਕੇ, ਆਪਣੇ ਆਤਮ ਗੌਰਵ ਨੂੰ ਸ਼ੁੱਧ, ਸੁਹਿਰਦ ਤੇ ਸੁੰਤਤਰ ਰੂਪ ਵਿੱਚ ਸੁੱਰਖਿਅਤ ਤੇ ਸਥਾਪਤ ਕਰ ਸਕੇ। ਇਸੇ ਕਰਕੇ ਜਿਸ ਤਰ੍ਹਾਂ ਦਾ ਵਿਆਪਕ -ਪ੍ਰਭਾਵ ਸਮੁੱਚੀ ਦੇਸ਼ ਤੇ ਵਿਦੇਸ਼ ਮਨੁੱਖਤਾ ਉਤੇ ਗੁਰੂ ਤੇਗ ਬਹਾਦਰ ਜੀ ਦਾ ਪੈਂਦਾ ਹੈ,ਇਸ ਤਰ੍ਹਾਂ ਦਾ ਵਿਆਪਕ ਪ੍ਰਭਾਵ ਬਾਬਾ ਫਰੀਦ ਜੀ ਦਾ ਨਹੀਂ ਪੈ ਸਕਿਆ ਅਤੇ ਨਾ ਹੀ ਜਿਸ ਤਰ੍ਹਾਂ ਦਾ ਪ੍ਰਤੀਕਰਮ-ਖਾਲਸਾ ਕੌਮ ਦੇ ਰੂਪ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਪ੍ਰਤਿੱਭਾ ਦੀ ਸ਼ਹਾਦਤ ਦਾ ਹੁੰਦਾ ਹੈ, ਇਸ ਤਰ੍ਹਾਂ ਦਾ ਪ੍ਰਤੀਕਰਮ ਬਾਬਾ ਫ਼ਰੀਦ ਜੀ ਦੀ ਲਹਿਰ ਦਾ ਪਿਛੋਂ ਨਹੀਂ ਹੁੰਦਾ। ਹਾਂ ਅਧਿਆਤਮਕ-ਮਿਆਰ ਵਿਚ ਬਾਬਾ ਫ਼ਰੀਦ ਤੇ ਗੁਰੂ ਤੇਗ ਬਹਾਦਰ ਜੀ ਨੂੰ ਇਕ ਸਾਂਝਾ ਤੇ ਸਮਾਨ ਸ਼ਥਾਨ ਦਿੱਤਾ ਜਾ ਸਕਦਾ ਹੈ, ਪਰ ਸਮਾਜਿਕ ਤੇ ਰਾਜਸੱਤਾ ਦੀ ਦ੍ਰਿਸ਼ਟੀ ਤੋਂ ਜਿਹੜਾ ਵਿਸ਼ੇਸ਼ ਤੇ ਵਿਲਖੱਣ ਸਥਾਨ ਗੁਰੂ ਤੇਗ ਬਹਾਦਰ ਜੀ ਨੂੰ ਪ੍ਰਾਪਤ ਹੈ ਉਹ ਬਾਬਾ ਫ਼ਰੀਦ ਜੀ ਨੂੰ ਪ੍ਰਾਪਤ ਨਹੀਂ ਹੋ ਸਕਦਾ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਪ੍ਰਮੁੱਖ ਸੁਰ ਭਾਵੇਂ ਨਿਰਾਸ਼ਾ ਜਨਕ ਤੇ ਸੋਗੀ ਜਿਹੀ ਹੈ। ਜ਼ਿੰਦਗੀ ਦੇ ਹਰ ਖੇਤਰ ਵਿਚ ਮੌਤ, ਨਾ ਸਮਾਨਤਾ, ਤਿਆਗ ਤੇ ਪ੍ਰਭੂ-ਸਿਮਰਨ ਦਾ ਪ੍ਰਭਾਵ ਹੀ ਉਜਾਗਰ ਹੁੰਦਾ ਹੈ, ਪਰ ਉਹਨਾਂ ਦੀ ਪ੍ਰਤਿੱਭਾ ਬੜੀ ਸੰਘਰਸ਼ਵਾਦੀ ਸੀ, ਸਤਿਆਵਾਦੀ ਤੇ ਸਮਦ੍ਰਿਸ਼ਟ ਸੀ, ਪ੍ਰਭੂ-ਭਜਨ ਵਿੱਚ ਇਕ ਸੁਰ ਹੋਈ ਦੁੱਖ ਤੇ ਸੁੱਖ, ਜ਼ਬਰ ਤੇ ਜ਼ੁਲਮ, ਮੌਤ ਤੇ ਭਰਮ, ਪਾਖੰਡ ਤੇ ਬਨਾਵਟ ਤੋਂ ਬਿਲਕੁਲ ਸੁਤੰਤਰ ਸੀ। ਭਾਵੇਂ ਗੁਰੂ ਤੇਗ ਬਹਾਦਰ ਜੀ ਦੀ ਪ੍ਰਤਿੱਭਾ ਦਾ ਇਸ ਤਰ੍ਹਾਂ ਦਾ ਪ੍ਰਭਾਵ ਉਹਨਾਂ ਦੇ ਗੁਰੂ-ਪੱਦ ਪ੍ਰਾਪਤ ਕਰਨ ਤੋਂ ਪਿੱਛੋਂ ਸਾਖਿਆਤ ਹੁੰਦਾ ਹੈ, ਪਰ ਇਸ ਮਹਾਨ ਪ੍ਰਤਿੱਭਾ ਦੀ ਉਸਾਰੀ ਵਿਚ ਮਾਤਾ ਨਾਨਕੀ ਜੀ ਤੇ ਪਿਤਾ ਗੁਰੂ ਹਰਿਗੋਬਿੰਦ ਜੀ ਦਾ ਵੀ ਬੜਾ ਪ੍ਰਭਾਵ ਪਿਆ ਜਾਪਦਾ ਹੈ। ਭਾਵੇਂ ਗੁਰੂ ਤੇਗ ਬਹਾਦਰ ਜੀ ਗੁਰੂ ਹਰਿਗੋਬਿੰਦ ਜੀ ਦੇ ਸਭ ਤੋਂ ਛੋਟੇ ਸਪੁੱਤਰ ਸਨ।

ਬਾਬਾ ਗੁਰਦਿੱਤਾ ਜੀ, ਸੂਰਜ ਮਲ ਜੀ, ਅਣੀ ਰਾਇ ਜੀ, ਤੇ ਬੀਬੀ ਵੀਰੋ ਜੀ ਗੁਰੂ ਤੇਗ ਬਹਾਦਰ ਜੀ ਤੋਂ ਵਡੇ ਸਨ, ਪਰ ਇਹ ਨਿਸਚੇ ਨਾਲ ਕਿਹਾ ਜਾ ਸਕਦਾ ਹੈ ਕਿ ਦਾਦੇ ਗੁਰੂ ਅਰਜਨ ਦੇਵ ਜੀ ਤੇ ਪਿਤਾ ਗੁਰੂ ਹਰਿਗੋਬਿੰਦ ਜੀ ਦੀ ਸਖਸ਼ੀਅਤ ਦਾ, ਜੋ ਸਭ ਤੋਂ ਵੱਧ ਕਿਸੇ ਤੇ ਅਸਰ ਪਿਆ ਹੈ, ਤਾਂ ਉਹ ਕੇਵਲ ਗੁਰੂ ਤੇਗ਼ ਬਹਾਦਰ ਜੀ ਹੀ ਹਨ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਕਿਵੇਂ ਹੋਈ ? ਕਿਹੜੇ ਕਾਰਨਾਂ ਕਰਕੇ ਹੋਈ ? ਤੇ ਫੇਰ ਇਸ ਸ਼ਹਾਦਤ ਦਾ ਪ੍ਰਤੀਕਰਮ ਕੀ ਹੋਇਆ ? ਭਾਵੇਂ ਇਹਨਾਂ ਗੌਰਵਸ਼ੀਲ ਘਟਨਾਵਾਂ ਨੂੰ ਗੁਰੂ ਤੇਗ਼ ਬਹਾਦਰ ਜੀ ਅੱਖੀ ਨਾ ਦੇਖ ਸਕੇ ਪਰ ਉਹਨਾਂ ਨੇ ਆਪਣੇ ਦਾਦੇ ਦੀ ਸੁਨਹਿਰੀ ਅੱਖਰਾਂ ਵਿਚ ਲਿਖੀ ਜਾਣ ਵਾਲੀ -ਗੌਰਵਸ਼ੀਲ ਸ਼ਹਾਦਤ ਕਹਾਣੀ ਨੂੰ ਆਪਣੇ ਮਾਤਾ -ਪਿਤਾ ਤੇ ਸਮਕਾਲੀ ਗੁਰਸਿੱਖਾਂ ਪਾਸੋਂ ਜਰੂਰ ਸੁਣਿਆ ਹੋਵੇਗਾ। ਅਪਰੈਲ ਸੰਨ ੧੬੨੧ ਵਿੱਚ ਗੁਰੂ ਕੇ ਮਹਲ ਸ੍ਰੀ ਅੰਮ੍ਰਿਤਸਰ ਵਿਚ ਹੀ ਤਾਂ ਉਹਨਾ ਦਾ ਜਨਮ ਹੁੰਦਾ ਹੈ, ਤੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸੰਨ ੧੬੦੬ ਵਿਚ ਹੁੰਦੀ ਹੈ। ਜੇ ਗੁਰੂ ਤੇਗ਼ ਬਹਾਦਰ ਜੀ ਬਾਬਤ ਇਹ ਵੀ ਮੰਨ ਲਿਆ ਜਾਵੇ ਕਿ ੧੦ ਸਾਲ ਦੀ ਉਮਰ ਤੱਕ ਉਹ ਪੂਰੀ ਤਰ੍ਹਾਂ ਸੁਚੇਤ ਹੋ ਗਏ ਸਨ, ਪਿਉ ਦਾਦੇ ਦੇ ਖਜ਼ਾਨੇ ਨੂੰ ਫ਼ਰੋਲਣ ਲੱਗ ਪਏ ਸਨ, ਤਾਂ ੨੫ ਸਾਲ ਦਾ, ਸਮਾਂ ਕੋਈ ਬਹੁਤਾ ਸਮਾਂ ਨਹੀਂ ਜਦੋਂ ਕਿ ਇਸ ਸਮੇਂ ਵਿੱਚ ਅੰਮ੍ਰਿਤਸਰ ਦੇ ਨੇੜੇ ਲਾਹੌਰ ਵਿਚ ਸਿੱਖ ਲਹਿਰ ਦੇ ਪੰਜਵੇਂ, ਗੱਦੀ-ਨਸ਼ੀਨ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਪ੍ਰਤੀਕਰਮ ਵਜੋਂ, ਪੰਜਾਬ-ਭਾਰਤ ਦੇ ਸਿੱਖਾਂ ਵਿਚ ਮੁਗਲ-ਹਕੂਮਤ ਲਈ ਬੜਾ ਰੋਸ ਸੀ, ਉਸੇ ਰੋਸ ਦਾ ਹੀ ਤਾਂ ਪ੍ਰਗਟਾਵਾ ਇਹ ਸੀ ਕਿ ਗੁਰੂ ਹਰਿਗੋਬਿੰਦ ਜੀ ਤੇ ਪ੍ਰਸਿੱਧ ਗੁਰਸਿੱਖਾਂ ਨੇ ਇਹ ਫੈਸਲਾ ਕਰ ਲਿਆ ਕਿ ਹੁਣ ਸਿੱਖ ਲਹਿਰ ਸ਼ਸਤਰ -ਬੱਧ ਹੋ ਜਾਵੇ। ਸ਼ਸਤਰਾਂ ਬਿਨਾਂ ਨਾ ਸਿੱਖ ਲਹਿਰ ਬਚ ਸਕਦੀ ਹੈ, ਅਤੇ ਨਾ ਹੀ ਗੁਰੂ ਦੀ ਸ਼ਸਤਰਾਂ ਬਿਨਾਂ ਸੁਰੱਖਿਆ ਹੋ ਸਕਦੀ ਹੈ। ਗੁਰੂ ਹਰਿਗੋਬਿੰਦ ਜੀ ਦਾ ਦ੍ਰਿੜ੍ਹ ਨਿਸਚਾ ਵੀ ਇਹੀ ਸੀ। ਇਹੀ ਤਾਂ ਇਕ ਕਰਤੱਵ ਹੈ ਕਿ ਜਦੋਂ ਗੁਰੂ ਹਰਿਗੋਬਿੰਦ ਜੀ ਗੁਰੂ-ਗੱਦੀ ਉਤੇ ਬੈਠੇ ਤਾਂ ਉਹਨਾਂ ਗੱਦੀ-ਮਰਯਾਦਾ ਦੇ ਪ੍ਰਚੱਲਤ ਰੂਪ ਦੇ ਨਾਲ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਵੀ ਪਹਿਨ ਲਈਆਂ। ਤਲਵਾਰਾਂ ਪਹਿਨਣੀਆਂ ਕੋਈ ਬਾਬਾ ਬੁੱਢਾ ਜੀ ਦੀ ਗ਼ਲਤੀ ਜਾਂ ਭੁਲੇਖਾ ਨਹੀਂ ਸੀ। ਮੀਰੀ ਪੀਰੀ ਦੀ ਤਲਵਾਰ ਤਾਂ ਸਰਬ ਗੁਰਸਿੱਖਾਂ ਤੇ ਗੁਰੂ ਦੇ ਸਾਂਝੇ ਫੈਸਲੇ ਦਾ ਫਲ ਸੀ। ਇਹੀ ਤਾਂ ਕਾਰਨ ਹੈ, ਕਿ ਜੇ ਗੁਰੂ ਹਰਿਗੋਬਿੰਦ ਜੀ ਨੇ ਮੀਰੀ ਤੇ ਪੀਰੀ ਦੀਆਂ ਤਲਵਾਰਾਂ ਪਾਈਆਂ ਤੇ ਉਸੇ ਵਕਤ ਹੋਰ ਗੁਰਸਿੱਖਾਂ ਨੇ ਵੀ ਸ਼ਸਤਰਾਂ ਨੂੰ ਪਹਿਨਣਾ ਤੇ ਪਹਿਲ ਦੇਣਾ ਸ਼ੁਰੂ ਕਰ ਦਿੱਤਾ ।

ਗੁਰੂ ਹਰਿਗੋਬਿੰਦ ਜੀ ਵੇਲੇ ਹੀ ਸਸਤਰਾਂ ਨੂੰ ਪਹਿਨਣਾ ਗੁਰਸਿੱਖਾਂ ਨੇ ਗੌਰਵਸ਼ੀਲ ਕਰਤੱਵ ਸਮਝ ਲਿਆ ਸੀ। ਭਾਵੇਂ ਸ਼ਸਤਰਾਂ ਦੇ ਅਸਤਰਾਂ ਨਾਲ ਭਰਪੂਰ ਪ੍ਰਤਿੱਭਾ ਗੁਰੂ ਹਰਿਗੋਬਿੰਦ ਜੀ ਦਾ ਆਪਣੇ ਬੱਚਿਆਂ ਉਤੇ ਬਹੁਤਾ ਅਸਰ ਨਾ ਹੋਇਆ, ਪਰ ਇਹ ਇਤਿਹਾਸਕ ਸੱਚ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਬਾਲ-ਉਮਰ ਵਿੱਚ ਹੀ ਅੱਖਰ ਵਿਦਿਆ, ਤੇ ਗੁਰਬਾਣੀ-ਪੜ੍ਹਾਈ ਦੇ ਨਾਲ ਸ਼ਸਤਰ-ਵਿਦਿਆ ਵੀ ਗ੍ਰਹਿਣ ਕਰਨੀ ਸ਼ੁਰੂ ਕਰ ਦਿੱਤੀ ਸੀ। ਭਾਵੇ ਗੁਰੂ ਤੇਗ਼ ਬਹਾਦਰ ਜੀ ਦੀ ਵਿਦਿਆ ਦਾ ਪ੍ਰਬੰਧ ਗੁਰੂ ਹਰਿਗੋਬਿੰਦ ਜੀ ਨੇ ਆਪਣੀ ਨਿਗਰਾਨੀ ਵਿਚ ਹੀ ਕੀਤਾ ਹੋਵੇਗਾ, ਪਰ ਗੁਰੂ ਤੇਗ਼ ਬਹਾਦਰ ਜੀ ਨੂੰ ਮਾਨਸਿਕ-ਰੁਚੀਆਂ ਮੁਤਾਬਿਕ ਸ਼ਸਤਰ-ਵਿਦਿਆ ਗ੍ਰਹਿਣ ਕਰਨ ਦਾ ਬੜਾ ਸ਼ੌਕ

ਸੀ। ਇਹੀ ਤਾਂ ਇਕ ਕਾਰਨ ਹੈ ਕਿ ਉਹਨਾਂ ਨੇ ਬਾਲ-ਉਮਰ ਤੋਂ ਹੀ ਤੇਗ ਧਾਰਨ ਕਰ ਲਈ , ਤੇ ਗੁਰੂ ਹਰਿਗੋਬਿੰਦ ਜੀ ਦੀ ਸੈਨਾ ਵਿਚ ਇਕ ਸੈਨਿਕ ਵਾਂਗ ਭਰਤੀ ਹੋ ਕੇ ਲੜਨਾ ਵੀ ਸ਼ੁਰੂ ਕਰ ਦਿੱਤਾ। ਇਤਿਹਾਸ ਸਾਖੀ ਹੈ ਕਿ ਗੁਰੂ ਹਰਿਗੋਬਿੰਦ ਜੀ ਨੇ ਮੁਗਲਾਂ ਵਿਰੁੱਧ ਜਿਹੜਾ ਕਰਤਾਰਪੁਰ ਦਾ ਯੁੱਧ ਲੜਿਆ, ਉਸ ਵਿਚ ਗੁਰੂ ਤੇਗ ਬਹਾਦਰ ਜੀ ਵੀ ਇਕ ਸੈਨਿਕ ਦੇ ਰੂਪ ਵਿਚ ਬੜੀ ਵੀਰਤਾ ਨਾਲ ਲੜੇ। ਇਸ ਵੇਲੇ ਗੁਰੂ ਤੇਗ ਬਹਾਦਰ ਜੀ ਦੀ ਉਮਰ ੧੩ ਸਾਲ ਦੀ ਸੀ। ਭਾਵੇਂ ਗੁਰੂ ਹਰਿਗੋਬਿੰਦ ਜੀ ਨੇ 'ਤੇਗ ਬਹਾਦਰ' ਜੀ ਦਾ ਪਹਿਲਾ ਨਾਮ ਤਿਆਗ ਮੱਲ ਰੱਖਿਆ ਸੀ। (ਸ਼ਾਇਦ ਉਹਨਾਂ ਵਿਚ ਤਿਆਗ -ਬਿਰਤੀ ਪ੍ਰਬਲ ਹੋਣ ਕਰ ਕੇ ) ਪਰ ਜਦੋਂ ਤਿਆਗ ਮਲ ਜੀ ਨੂੰ ਉਹਨਾਂ ਤੇਗ ਦੁਆਰਾ ਬਹਾਦਰੀ ਕਰਤੱਵ ਕਰਦਿਆਂ ਦੇਖਿਆ ਤਾਂ ਉਹਨਾਂ ਨੇ ਆਪਣੇ ਸਪੁੱਤਰ ਨੂੰ ਤਿਆਗ ਮਲ ਦੀ ਥਾਂ ਤੇਗ ਬਹਾਦਰ ਦਾ ਉਪਨਾਮ ਪ੍ਰਦਾਨ ਕਰ ਦਿੱਤਾ। ਗੁਰੂ ਤੇਗ ਬਹਾਦਰ ਜੀ ਸੱਚਮੁੱਚ ਤਿਆਗੀ ਬਹਾਦਰ ਸਨ।

'ਤਿਆਗ' ਉਹਨਾਂ ਦਾ ਜਗਤ ਪ੍ਰਸਿੱਧ ਹੈ। ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਦਾ ਸਾਰੀ ਜ਼ਿੰਦਗੀ ਉਹਨਾਂ ਨੇ ਪੂਰੀ ਤਰ੍ਹਾਂ ਤਿਆਗ ਰੱਖਿਆ, ਅਖੀਰ ਸਰੀਰ ਤਿਆਗਣ ਦਾ ਜੇ ਸਮਾਂ ਬਣਿਆ ਤਾਂ ਉਹਨਾਂ ਇਸਨੂੰ ਵੀ ਤਿਆਗ ਦਿੱਤਾ। ਹਾਂ, 'ਸਿਰੜ' ਤਿਆਗਣ ਦੇ ਉਹ ਹਾਮੀ ਨਹੀਂ ਸਨ ਅਤੇ ਨਾ ਹੀ ਆਤਮ-ਵਿਸ਼ਵਾਸ ਨੂੰ ਤਿਆਗਣ ਦੇ ਅਭਿਲਾਸ਼ੀ ਸਨ। ਇਸੇ ਲਈ ਉਹਨਾਂ ਸਿਰ ਦੇ ਦਿੱਤਾ, ਪਰ ਸਿਰੜ ਨਾ ਦਿੱਤਾ। 'ਸਰੀਰ-ਸਿਰ' ਨੂੰ ਪਰ-ਹਿੱਤਾਂ ਤੇ ਮਾਨਵ-ਹਿੱਤਾਂ ਨਮਿੱਤ ਤਿਆਗ ਦੇਣਾ, ਇਹ ਉਹਨਾਂ ਦੀ ਜੀਵਨ ਸਾਖੀ ਦਾ ਕਲਿਜੁਗ ਵਿਚ ਕੀਤਾ ਇਕ ਮਹਾਨ ਸਾਕਾ ਹੈ, ਪਰ 'ਸਿਰੜ' ਨੂੰ ਕਿਸੇ ਡਰ-ਲਾਲਚ ਅਧੀਨ ਨਾ ਤਿਆਗਣਾ, ਇਹ ਬਹਾਦਰੀ ਦਾ ਸਿਖਰ ਹੈ, ਬਹਾਦਰੀ ਦਾ ਅੰਤਿਮ ਕਰਤੱਵ ਹੈ, ਇਸ ਤੋਂ ਅੱਗੇ ਬਹਾਦਰੀ ਦਾ ਹੋਰ ਕੋਈ ਕਰਤੱਵ ਨਹੀਂ ਹੋ ਸਕਦਾ। ਸ਼ੁਰੂ ਵਿਚ ਜੋ ਗੁਰੂ ਤੇਗ ਬਹਾਦਰ ਜੀ ਨੇ ਜਿਹੜਾ ਬਹਾਦਰੀ-ਕਰਤੱਵ ਕੀਤਾ , ਉਹ ਵਿਸ਼ਵ ਦੇ ਇਤਿਹਾਸ ਵਿਚ ਹੋਏ ਬਹਾਦਰਾਂ ਦੇ ਕਰਤੱਵਾਂ ਦਾ ਸਰਬ ਪੱਖੋਂ ਸਿਰਮੌਰ ਕਰਤੱਵ ਹੈ। ਇਸੇ ਲਈ ਤਾਂ ਪ੍ਰਸਿੱਧ ਇਤਿਹਾਸਕਾਰ ਮੈਕਾਲਿਫ ਆਪਣੇ ਇਤਿਹਾਸ ਵਿਚ ਲਿਖਦਾ ਹੈ, 'ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ (ਕੀਤੀ ਬਹਾਦਰੀ) ਦੀ ਤੁਲਨਾ ਵਿਸ਼ਵ ਦੀ ਕਿਸੇ ਹੋਰ ਘਟਨਾ ਨਾਲ ਨਹੀਂ ਕੀਤੀ ਜਾ ਸਕਦੀ। ਉਹ ਆਖਦਾ ਹੈ ਕਿ ਤੇਗ ਬਹਾਦਰ ਜੀ ਦੀ 'ਸ਼ਹਾਦਤ' ਆਪਣੇ ਆਪ ਵਿਚ ਇਕ ਵੱਖਰੀ, ਅਦੁੱਤੀ ਤੇ ਵਿਸ਼ਵ ਭਾਵੀ ਬਹਾਦਰੀ ਦੀ ਸ਼ਹਾਦਤ ਹੈ।

ਗੁਰੂ ਤੇਗ ਬਹਾਦਰ ਜੀ ਦੀ ਪ੍ਰਤਿੱਭਾ ਨੇ ਜਿਹੜੀ ਸ਼ਹਾਦਤ (ਬਹਾਦਰੀ ਦੀ ਗਵਾਹੀ) ਦਿੱਤੀ, ਉਸ ਦੀ ਯਾਦ ਵਿਚ ਇਹ ਗੁਰਦੁਆਰਾ ਸ਼ਾਹ ਜਹਾਨ ਦੀ ਵਸਾਈ ਹੋਈ ਪੁਰਾਣੀ ਦਿੱਲੀ ਚਾਂਦਨੀ ਚੌਂਕ ਵਿਚ, ਸੁਨਹਿਰੀ ਕਲਮਾਂ ਨਾਲ ਸੁਸ਼ੋਭਿਤ, ਸੀਸ਼ ਗੰਜ ਦੇ ਨਾਮ ਨਾਲ ਪ੍ਰਚੱਲਿਤ ਹੈ। ਇਹ 'ਸੀਸ ਗੰਜ' ਉਹ ਯਾਦਗਾਰ ਹੈ, ਜਿਥੇ ਗੁਰੂ ਤੇਗ ਬਹਾਦਰ ਜੀ ਦਾ ਪਵਿੱਤਰ ਸੀਸ ਕਤਲ ਕੀਤਾ ਗਿਆ ਹੈ। ਸੀਸ-ਕਤਲ ਤਾਂ ਹੋਰ ਵੀ ਬੜੇ ਹੋਏ ਹਨ , ਪਰ ਗੁਰੂ ਤੇਗ ਬਹਾਦਰ ਜੀ ਦਾ ਸੀਸ ਸੱਚ ਮੁੱਚ ਹੀ ਗੰਜ ਸੀ, ਅਰਥਾਤ ਨਉ-ਨਿੱਧਾਂ ਦਾ ਗੰਜ। ਗੁਰੂ ਤੇਗ ਬਹਾਦਰ ਜੀ ਦਾ ਪਵਿੱਤਰ ਸੀਸ

ਰਤਨ ਨਿੱਧੀ ਸੀ। ਚੂੰਕਿ ਇਸ ਸਥਾਨ ਤੇ ਸਾਕਾਰ ਰੂਪ ਵਿਚ ਤਾਂ ਕਤਲ ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਹੋਇਆ ਸੀ, ਪਰ ਔਰੰਗਜ਼ੇਬ ਦੀ ਮਾਨਸਿਕ -ਨੀਤੀ ਗੁਰੂ ਤੇਗ ਬਹਾਦਰ ਜੀ ਦੀ ਪ੍ਰਾਪਤ ਕੀਤੀ ਹੋਈ ਆਤਮਿਕ -ਬਲਵਾਨਤਾ ਤੇ ਪਵਿੱਤਰ ਰਤਨ-ਨਿਧੀ ਦਾ ਕਤਲ ਕਰਨ ਦੀ ਸੀ। ਗੁਰੂ ਤੇਗ ਬਹਾਦਰ ਜੀ ਦੀ ਪ੍ਰਤਿੱਭਾ ਆਤਮਿਕ ਤੌਰ ਤੇ ਉੱਚੀ ਸੀ, ਸਰੀਰਕ ਤੌਰ ਤੇ ਬਲਵਾਨ ਸੀ, ਤੇ ਮਾਨਸਿਕ ਤੌਰ ਤੇ ਰਤਨ-ਨਿੱਧੀ ਨਾਲ ਭਰਪੂਰ ਸੀ। ਇਸ ਲਈ ਗੁਰੂ ਤੇਗ ਬਹਾਦਰ ਜੀ ਦਾ ਜਿੱਥੇ ਸਿਰ ਕਲਮ ਕੀਤਾ ਗਿਆ ਉਸ ਯਾਦਗਾਰ ਦਾ ਨਾਮ 'ਸੀਸ ਗੰਜ' ਰੱਖ ਦਿੱਤਾ ਗਿਆ। ਚੂਕਿ ਇਸ ਰਤਨ-ਨਿੱਧੀ ਨਾਲ ਭਰਪੂਰ ਸੀਸ ਦਾ ਸੰਸਕਾਰ ਸ੍ਰੀ ਅਨੰਦਪੁਰ ਸਾਹਿਬ ਵਿਚ ਹੋਇਆ ਸੀ। ਇਸ ਲਈ ਉਥੇ ਵੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਜਿਹੜਾ ਕਲਮਾਂ ਜੜਿਆ ਗੁਰਦੁਆਰਾ ਉਸਾਰਿਆ ਗਿਆ , ਉਸ ਦਾ ਨਾਮ ਵੀ 'ਸੀਸ ਗੰਜ' ਹੋ ਪ੍ਰਚੱਲਿਤ ਹੈ। 'ਸੀਸ ਗੰਜ' ਗੁਰੂ ਤੇਗ ਬਹਾਦਰ ਜੀ ਦੀ ਪ੍ਰਤਿੱਭਾ ਦਾ ਪੂਰਨ ਪ੍ਰਭਾਵ ਉਜਾਗਰ ਕਰਨ ਵਾਲੀ ਯਾਦਗਰ ਹੈ।

ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਦੂਜਾ ਗੁਰਦੁਆਰਾ 'ਰਕਾਬ ਗੰਜ' ਹੈ ਜਿਹੜਾ ਪਾਰਲੀਮੈਂਟ ਹਾਊਸ ਅਤੇ ਸੈਕਟ੍ਰੀਏਟ ਦੇ ਗੁਆਂਢ ਸੰਗਮਰਮਰ ਦੇ ਲਿਸ਼ਕਵੇ ਵਾਤਾਵਰਨ ਵਿੱਚ ਉਭਰ ਰਿਹਾ ਹੈ। ਇਹ ਗੁਰਦੁਆਰਾ ਅੰਗਰੇਜ਼ਾਂ ਦੀ ਵਧਾਈ ਹੋਈ ਨਵੀ ਦਿੱਲੀ ਵਿੱਚ ਹੈ ਇਸ ਸਥਾਨ ਤੇ ਗੁਰੂ ਤੇਗ ਬਹਾਦਰ ਜੀ ਦੇ ਪਵਿੱਤਰ ਧੜ ਦਾ ਸੰਸਕਾਰ ਕੀਤਾ ਗਿਆ ਸੀ। ਇਸ ਗੁਰਦੁਆਰੇ ਦਾ ਨਾਮ 'ਰਕਾਬ ਗੰਜ' ਸਾਹਿਬ ਇਸ ਕਰਕੇ ਹੈ ,ਕਿ ਇਥੇ ਮੁਗ਼ਲ ਫ਼ੌਜਾਂ ਦੇ ਜਰਨੈਲ ਮਿਰਜ਼ਾ ਰਾਜਾ ਜੈ ਸਿੰਘ ਦੇ ਘੋੜ-ਸਵਾਰ ਰਿਸਾਲਿਆਂ ਦੀ ਛਾਉਣੀ ਸੀ ਤੇ ਸਿੱਖਾਂ ਦੀ ਇੱਕ ਛੋਟੀ ਜਿਹੀ ਬਸਤੀ ਵੀ ਇਥੇ ਆਬਾਦ ਸੀ। ਜਿਸ ਵਿਚ ਘੋੜਿਆਂ ਨੂੰ ਆਟਾ ਦਾਣਾ ਅਤੇ ਫ਼ੌਜੀਆਂ ਨੂੰ ਰਸਦ ਆਦਿ ਪਹੁੰਚਾਉਣ ਵਾਲੇ ਮਜ਼ਦੂਰ ਤੇ ਠੇਕੇਦਾਰ ਵਸਦੇ ਸਨ। ਉਹਨਾਂ ਇਸ ਵਸਤੀਂ ਦਾ ਨਾਮ ਰਕਾਬ ਗੰਜ ਹੀ ਰੱਖ ਦਿੱਤਾ ਹੋਇਆ ਸੀ। ਇਥੇ ਵਸਣ ਵਾਲੇ ਸਿੱਖਾਂ ਨੇ ਹੀ ਗੁਰੂ ਤੇਗ ਬਹਾਦਰ ਜੀ ਦਾ ਧੜ ਸ਼ਾਹੀ ਹੁਕਮਾਂ ਦੀ ਉਲੰਘਨਾ ਕਰਕੇ , ਚਾਂਦਨੀ ਚੌਕ ਵਿਚੋਂ ਚੁੱਕ ਲਿਆਂਦਾ ਸੀ ਅਤੇ ਆਪਣੀਆਂ ਕੁੱਲੀਆਂ ਨੂੰ ਆਪ ਹੀ ਅੱਗ ਲਾ ਕੇ ਅਗਨ ਭੇਂਟ ਕਰ ਦਿੱਤਾ ਸੀ ਤਾਂ ਕਿ ਸ਼ਾਹੀ ਹੁਕਮ ਅਨੁਸਾਰ ਗੁਰੂ ਦੇ ਪਵਿੱਤਰ ਧੜ ਦਾ ਤ੍ਰਿਸਕਾਰ ਨਾ ਕੀਤਾ ਜਾ ਸਕੇ। ਚੂੰਕਿ ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਸੰਸਕਾਰ ਰਕਾਬ ਗੰਜ ਵਾਲੀ ਥਾਂ ਤੇ ਹੀ ਹੋਇਆ ਸੀ। ਇਸ ਕਰਕੇ ਇਸ ਦਾ ਪ੍ਰਸਿੱਧ ਤੇ ਪ੍ਰਚੱਲਿਤ ਨਾਮ ਵੀ 'ਰਕਾਬ ਗੰਜ' ਹੀ ਪੈ ਗਿਆ।

'ਗੁਰਦੁਆਰਾ ਰਕਾਬ ਗੰਜ' ਗੁਰੂ ਤੇਗ ਬਹਾਦਰ ਜੀ ਦੀ ਪ੍ਰਤਿੱਭਾ ਤੇ ਪ੍ਰਭੁਤਾ ਤੋਂ ਪ੍ਰਭਾਵਿਤ ਹੋਏ ਸਿੱਖਾਂ ਦੀ ਦਲੇਰੀ, ਨਿੱਡਰਤਾ ਤੇ ਸੁਹਿਰਦ ਸ਼ਰਧਾ ਦੀ ਮੂੰਹ ਬੋਲਦੀ ਆਵਾਜ਼ ਯਾਦ ਹੈ।

ਗੁਰੂ ਤੇਗ ਬਹਾਦਰ ਜੀ ਦੀ 'ਪ੍ਰਤਿੱਭਾ' ਦੈਵੀ ਤੇ ਅਨੂਪਮ ਗੁਣਾਂ ਦੀ ਮਾਲਕ ਸੀ। ਪਰ ਉਹਨਾਂ ਦੀ ਪ੍ਰਭੁਤਾ ਜਗਤ-ਪ੍ਰਸਿੱਧ ਹੈ। ਭਾਵੇਂ ਉਹ ਧਰਮ ਪ੍ਰਚਾਰ ਨਮਿੱਤ ਭਾਰਤੀ ਸੀਮਾਵਾਂ ਤੋਂ ਬਾਹਰ ਨਹੀਂ ਜਾ ਸਕੇ। ਪਰ ਉਹਨਾਂ ਦੀ ਖ਼ਾਹਿਸ਼ ਸੀ ਕਿ ਗੁਰੂ ਨਾਨਕ ਦੇਵ ਜੀ ਦੇ ਪੈਗ਼ਾਮ ਨੂੰ ਸਰਬ ਸੰਸਾਰ ਵਿਚ ਪਸਾਰਿਆ ਜਾਵੇ। ਉਹਨਾਂ ਨੇ ਆਪਣੀ ਪ੍ਰਤਿੱਭਾ ਨੂੰ ਵੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਅਧੀਨ ਢਾਲ ਲਿਆ ਸੀ। ਇਸੇ ਲਈ ਉਹਨਾਂ ਨੂੰ ਗੁਰੂ ਨਾਨਕ ਦੇਵ ਜੀ ਵਾਂਗ ਨਾ ਤਾਂ ਸੰਸਾਰਕ

ਵਿਸੁ ਰੰਦਲਾ ਨਾਲ ਪਿਆਰ ਸੀ, ਨਾ ਸੋਭਾ ਤੇ ਸ਼ਕਤੀ ਦਾ ਕੋਈ ਫਿਕਰ ਸੀ, ਅਤੇ ਨਾ ਹੀ ਡਰ ਤੇ ਲਾਲਚ ਦੀ ਉਹਨਾਂ ਕਦੀ ਪ੍ਰਵਾਹ ਕੀਤੀ ਸੀ। ਉਹਨਾ ਦੀ ਪ੍ਰਤਿੱਭਾ ਸ਼ੁੱਧ ਰੂਪ ਵਿੱਚ ਨਿੱਡਰ ਤੇ ਨਿਰਮੋਹ ਸੀ। ਸ਼ਾਤੀ ਤੇ ਬੀਰਤਾ ਦੀ ਪੁੰਜ ਸੀ। ਗੰਬੀਰ ਤੇ ਤਿਆਗ ਬਾਰਨੀ ਸੀ, ਪਰ ਸਵੈ-ਵਿਸ਼ਵਾਸ ਵਿਚ ਦ੍ਰਿੜ ਤੇ ਅਡੋਲ ਸੀ, ਸਵੈ ਤੇ ਮਾਣ ਦੀ ਸੁੱਰਖਿਆ ਵਾਸਤੇ ਤਾਂ ਉਹ ਸੀਸ-ਧੜ ਵੀ ਨਿਛਾਵਰ ਕਰ ਦੇਣ ਵਾਲੀ ਮਹਾਨ ਪ੍ਰਤਿੱਭਾ ਸੀ ਤੇ ਧਰਮ ਦੀ ਅਦੁੱਤੀ-ਮੂਰਤਿ ਸੀ। ਧਾਰਮਿਕ ਸੁਤੰਰਤਾ ਧਰਮ ਦੀ ਰੱਖਿਆ ਤੇ ਪ੍ਰਭੂ ਦੇ ਆਤਮ-ਗੌਰਵ ਨੂੰ ਬਚਾਉਣ ਵਾਸਤੇ ਉਹ ਹਰ ਵਕਤ ਤਿਆਰ ਬਰ ਤਿਆਰ ਰਹਿੰਦੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਦੀ ਸ਼ਹਾਦਤ ਬਾਰੇ ਬਚਿੱਤਰ ਨਾਟਕ ਵਿਚ ਜੋ ਕੁਝ ਲਿਖਿਆ ਹੈ, ਉਹ ਇੰਨਾ ਸਾਰਥਿਕ ਤੇ ਸਹੀ ਹੈ ਕਿ ਇਤਿਹਾਸਕ ਸ਼ਹਾਦਤ ਦੇ ਕਾਰਨ ਕੁਝ ਪਏ ਮਿੱਥਣ, ਪਰ ਸ਼ਹਾਦਤ ਦੇ ਜਿਹੜੇ ਕਾਰਨ ਬਣਦੇ ਹਨ, ਉਹ ਸਪਸ਼ੱਟ ਰੂਪ ਤਿੰਨ ਹੀ ਹਨ। ਜਦੋਂ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ : ੧. ਤਿਲਕ ਜੰਞੂ ਰਾਖਾ............ ॥੨ ਧਰਮ ਹੇਤਿ ਸਾਕਾ ਜਿਨਿ ਕੀਆ ॥ ੩. ਸੀਸ ਦੀਆ ਪਰੁ ਸਿਰੁਰ ਨ ਦੀਆ ॥

ਤਾਂ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹਾਦਤ ਦਾ ਜਿਹੜਾ ਪਹਿਲਾ ਕਾਰਨ ਉਘੜਦਾ ਹੈ, ਉਹ ਇਹ ਹੈ, ਕਿ ਇਹ ਸ਼ਹਾਦਤ ਹਿੰਦੂ ਧਰਮ ਦੀ ਚਿੰਨ੍ਹ-ਰਖਸ਼ਾ ਲਈ ਹੋਈ। ਦੂਜਾ ਕਾਰਨ ਜਿਹੜਾ ਉਜਾਗਰ ਹੁੰਦਾ ਹੈ, ਉਹ ਇਹ ਹੈ, ਕਿ ਇਹ ਸ਼ਹਾਦਤ ਧਰਮ ਜਾਂ ਮਜ਼ਹਬ ਦੀ ਆਜ਼ਾਦੀ ਵਾਸਤੇ ਦਿੱਤੀ ਗਈ। ਤੀਜਾ ਜੋ ਕਾਰਨ ਮੂਰਤੀਮਾਨ ਹੁੰਦਾ ਹੈ , ਉਹ ਹੈ, ਕਿ ਇਹ ਸ਼ਹਾਦਤ ਬ੍ਰਹਮ ਗਿਆਨੀ ਦਾ ਜਿਹੜਾ ਆਤਮ-ਗੌਰਵ ਹੈ , ਉਸਦੀ ਸੁਰੱਖਿਆ ਵਾਸਤੇ ਦਿੱਤੀ ਗਈ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਬਾਬਤ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਇਹ ਜਿਹੜੇ ਤਿੰਨ ਕਾਰਨ ਨਿਸ਼ਚਿਤ ਕੀਤੇ ਹਨ, ਇਹਨਾਂ ਦੇ ਆਧਾਰ ਤੇ ਵੀ ਗੁਰੂ ਤੇਗ ਬਹਾਦਰ ਜੀ ਦੀ ਪ੍ਰਤਿੱਭਾ ਵਿਸ਼ਵ ਭਾਵੀ ਸਿਧ ਹੁੰਦੀ ਹੈ। ਗੁਰੂ ਤੇਗ ਬਹਾਦਰ ਜੀ ਦੀ ਪ੍ਰਤਿੱਭਾ ਸੱਚਮੁੱਚ ਹੀ ਵਿਸ਼ਵ- ਭਾਵੀ ਤੇ ਵਿਸ਼ਵ -ਪ੍ਰਸਿੱਧ ਹੈ। ਜਦੋਂ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਹੋਈ, ਸ਼ਹਾਦਤ ਵਿਚ ਜਦੋਂ ਸੀਸ ਤੇ ਧੜ੍ਹ ਨੂੰ ਅਲੱਗ-ਅਲੱਗ ਕੀਤਾ ਗਿਆ, ਤਾਂ ਇਹ ਸੁਭਾਵਿਕ ਸੀ, ਕਿ ਇਸ ਮਹਾਨ ਗੁਰੂ ਆਗੂ ਦੇ ਸ਼ਹੀਦ ਹੋਣ ਨਾਲ ਪੰਜਾਬ ਭਾਰਤੀਆਂ ਦੇ ਮਨ ਵਿੱਚ ਰੋਸ ਦਾ ਭਾਂਬੜ ਬਲਦਾ, ਪਰ ਗੁਰੂ ਗੋਬਿੰਦ ਸਿੰਘ ਜੀ ਦਾ ਅਨੁਭਵ ਸੀ ਕਿ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦ ਹੋਣ ਨਾਲ ਸਾਰੇ ਜਗਤ ਵਿਚ 'ਸੋਕ' ਪ੍ਰਗਟ ਕੀਤਾ ਗਿਆ, 'ਸਾਰੇ ਜਗਤ ਵਿੱਚ 'ਹੈ, ਹੈ, ਹੈ'' ਦੇ ਭਾਵ ਵੀ ਉਭਰਦੇ ਸੁਣਾਈ ਦਿੱਤੇ :

**ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ ॥ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ ॥**

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਇਸ ਗੱਲ ਦੀ ਪ੍ਰਤੀਕ ਹੈ ਕਿ 'ਮਨੁੱਖ ਦਾ ਆਤਮ ਵੀ ਲੋਹੇ ਦੀ ਤਰ੍ਹਾਂ ਚੰਡਿਆ ਜਾ ਸਕਦਾ ਹੈ। ਉਸ ਦੇ ਹੱਡ-ਮਾਸ ਨੂੰ ਅਸਪਾਤ ਦੀ ਵਿਉਂਤ ਲੱਗ ਸਕਦੀ ਹੈ ਤੇ ਇੱਕ ਇੱਕਲੀ ਜਾਨ ਦੁਨੀਆਂ ਦੀ ਵੱਡੀ ਤੋਂ ਵੱਡੀ ਸਲਤਨਤ ਨੂੰ ਜਿੱਤ ਸਕਦੀ ਹੈ ਪ੍ਰੋ: ਪੂਰਨ ਸਿੰਘ ਜੀ ਦਾ ਵਧਨ ਕੁਝ ਉਪਰੋਕਤ ਭਾਵਨਾ ਨੂੰ ਹੀ ਮੂਰਤੀਮਾਨ ਕਰਦਾ ਹੈ, 'ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਪਿਛੋਂ ਇੱਕ ਤੁਫਾਨ ਉੱਠਿਆ , ਜਿਹੜਾ ਔਰੰਗਜ਼ੇਬ ਦੀ ਸਲਤਨਤ ਨੂੰ ਇਉਂ ਉਡਾ ਕੇ ਲੈ ਗਿਆ ਜਿਵੇਂ ਸੜਕ ਉੱਤੇ ਪਿਆ ਕੋਈ ਸੁੱਕਾ ਪੱਤਾ ਹੋਵੇ।' ***

# ਮਹਾਂਨਾਇਕ -ਗੁਰੂ ਗੋਬਿੰਦ ਸਿੰਘ ਜੀ

ਸ ਸੁਰਿੰਦਰਪਾਲ ਸਿੰਘ

ਅਸੀਂ ਜਦੋਂ ਆਪਣੇ ਸ਼ਰਧਾ ਨਾਇਕ ਸ੍ਰੀ ਗੁਰੂ ਗੋਬਿੰਦ ਜੀ ਦੇ ਮਹਾਨ ਸੰਦਰਭ ਵਿੱਚ ਸੋਚ ਨੂੰ ਕ੍ਰਿਆਸ਼ੀਲ ਕਰਦੇ ਹਾਂ ਤਾਂ ਸਾਡੀਆਂ ਸੋਚਾਂ ਆਪਣੇ ਆਪ ਹੀ ਪੂਰਨ ਰੂਪ ਸਤਿਕਾਰ -ਸੰਚਿਤ ਹੋ -ਹੋ ਜਾਂਦੀਆਂ ਹਨ ਤੇ ਸਾਡੀਆਂ ਰਗਾਂ ਵਿੱਚ ਇੱਕ ਵੱਖਰੀ ਪ੍ਰਕਾਰ ਦਾ ਜੋਸ਼ ਸੰਚਾਰਤ ਹੋਣ ਲੱਗਦਾ ਹੈ। ਉਹਨਾਂ ਦਾ ਮਹਾਂ ਸੰਘਰਸ਼ਸੀਲ ਜੀਵਨ-ਕਰਮ ਅਤੇ ਉਸ ਵਿੱਚੋਂ ਪਹੁ-ਫੁਟਾਲੇ ਵਾਂਗ ਕਿਰਨਾਂ ਵਤ ਫੁੱਟ -ਫੁੱਟ, ਝਲਕਾਂ-ਝਲਕਾਰੇ ਮਾਰ-ਮਾਰ ਬਾਹਰ ਨੂੰ ਆਉਂਦੇ ਮਹਾਨ ਫਲਸਫੀ ਫੈਸਲੇ ਉਨ੍ਹਾਂ ਨੂੰ ਇੱਕ ਅਜਿਹਾ ਯੁਗਨਾਇਕ ਕਰਦੇ ਜਾਂਦੇ ਹਨ ਜਿਨ੍ਹਾਂ ਦਾ ਸਮਾਨ ਭਾਲ ਸਕਣਾ ਅਸੰਭਵ ਹੈ। ਉਹਨਾਂ ਦੇ ਕੇਸਰੀ ਜੀਵਨ-ਕਰਮ ਤੇ ਫਲਸਫਾ , ਦੂਰ ਦ੍ਰਿਸ਼ਟ ਨਿਰਣੇ ਉਨ੍ਹਾਂ ਨੂੰ ਇੱਕ ਪ੍ਰਕਾਰ ਦਾ ਵੱਡ-ਅੰਬਰ-ਆਕਾਰੀ ਆਭਾ-ਮੰਡਲੀ ਸਰੂਪ ਬਖ਼ਸ਼ ਦੇਂਦੇ ਹਨ ਜਿਸ ਨੂੰ ਧੁੰਦਲਾ ਕਰ ਸਕਣਾ ਅੱਜ ਤੱਕ ਵੀ ਕਿਸੇ ਸਮਿਆਂ ਦੀ ਧੂੜ ਦੇ ਵੱਸ ਵਿੱਚ ਨਹੀਂ ਆਇਆ ਸਗੋਂ ਇਸ ਨੂੰ ਸਮੂੰਹ ਸਮਿਆਂ ਦੀ ਧਾਰ ਨੇ ਹੋਰ ਚਮਕਾਇਆ ਹੈ , ਉਭਾਰਿਆ ਹੈ ਅਤੇ ਉਸਾਰਿਆ ਹੈ।

ਆਪਣੇ ਮਹਾਂਨਾਇਕ ਸਬੰਧੀ ਇਹ ਵਿਚਾਰ ਅਰੰਭਦਿਆ, ਉਹਨਾਂ ਸਮਿਆਂ ਦੇ ਸਮਾਜਿਕ ਹਾਲਾਤ ਨੂੰ ਸਰਬਪ੍ਰਥਮ ਸੰਖੇਪ ਰੂਪ ਵਿਚਾਰਨਾ ਪੈਂਦਾ ਹੈ। ਇਹ ਉਹ ਸਮਾਂ ਸੀ ਜਦ ਤਖ਼ਤ 'ਤੇ ਕਾਬਜ ਮੁਗਲੀਆ ਸਲਤਨਤ ਜਿਸ ਦਾ ਲਹਿੰਦਾ ਪੱਖ ਅਰੰਭ ਹੁੰਦਾ ਹੋਇਆ ਉਹ ਘ੍ਰਿਣਤ ਨੀਚਤਾਵਾਂ ਨੂੰ ਪਹੁੰਚ ਚੁੱਕੀ ਹੈ। ਉਹ ਜ਼ੁਲਮ ਦੇ ਜ਼ੋਰ ਨਾਲ ਆਪਣੇ ਮਜ਼ਹਬ ਨੂੰ ਫੈਲਾਉਂਦੀ ਹੈ। ਉਸ ਦੇ ਸਤਾਏ ਤੇ ਰੋਜ਼ -ਰੋਜ਼ ਦੇ ਲਹੂ-ਪੀਣੇ ਕਾਰਕੁੰਨਾਂ ਦੇ ਤੜਫਾਏ ਕਸ਼ਮੀਰੀ ਪੰਡਤਾਂ ਦਾ ਇੱਕ ਜਥਾ ਕੋਈ ਹੋਰ ਰਾਹ ਨਾ ਲੱਭਦਾ ਵੇਖ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਕੋਲ ਆਣ ਫ਼ਰਿਆਦੀ ਹੁੰਦਾ ਹੈ ਕਿ ਉਹਨਾਂ ਦੀ ਜਾਨ ਬਖ਼ਸ਼ੀ ਕਰਾਈ ਜਾਵੇ ਅਥਵਾ ਉਹਨਾਂ ਨੂੰ ਅਪਾਰ ਪਨਾਹ ਵਿਚ ਲੈ ਕੇ ਅਨੇਕ ਪ੍ਰਕਾਰ ਦੇ ਅਸਹਿ ਸਦਮਿਆ ਤੋਂ ਢਾਲ-ਚੰਦੋਏ ਦਾ ਰਕਸ਼ਾ-ਕਵਚ ਪ੍ਰਦਾਨ ਕਰ ਕੇ ਉਹਨਾਂ ਨੂੰ ਵੇਲੇ ਦੇ ਹਾਕਮਾਂ ਵੱਲੋਂ ਚੜ੍ਹਾਈਆਂ ਜਾਂਦੀਆਂ ਵਹੀਰਾਂ ਤੋਂ ਮੁਕਤ ਕਰਾਇਆ ਜਾਵੇ।

ਉਹਨਾਂ ਸਮਿਆਂ ਦਾ ਇਤਿਹਾਸ, ਸਾਖੀ ਭਰਦਿਆਂ ਅਮਿੱਟ ਸਨਦੀ ਪ੍ਰਮਾਣ ਵਜੋਂ ਭੁਗਤਦਾ ਇਕ ਭਰਵੀਂ ਅਵਾਜ਼ੇ ਗਵਾਹੀਆਂ ਪਾਉਂਦਾ ਨਜ਼ਰ ਆ ਜਾਂਦਾ ਹੈ, ਜਦ ਆਪਣੇ ਮਹਾਨ ਮਾਣਯੋਗ ਪੂਜਨੀਕ ਪਿਤਾ ਜੀ ਨੂੰ ਬਾਲ ਗੋਬਿੰਦ ਰਾਇ ਬਾਹਰੋਂ ਖੇਡਦੇ ਆਉਂਦਿਆਂ ਸੋਚੀ ਪਿਆ ਵੇਖ ਇੱਕ ਆਪ-ਮੁਹਾਰਾ ਪ੍ਰਸ਼ਨ ਉਤਪੰਨ ਕਰਦੇ ਹਨ। 'ਆਪ ਜੀ ਇਉਂ ਗੰਭੀਰ ਕਿਉਂ ਬੈਠੇ ਹੋ ? ਤਾਂ ਉਹ ਸਾਹਮਣੇ ਆਣ ਪਹੁੰਚੇ ਹਾਲਾਤ ਨੂੰ ਬਾਲ ਗੋਬਿੰਦ ਰਾਇ ਦੇ ਸਨਮੁੱਖ ਕਰਦੇ ਹਨ ਕਿ ਇਸ ਵੇਲੇ ਕਿਸੇ ਮਹਾਂਪੁਰਖ ਦੀ ਸ਼ਹਾਦਤ ਦੀ ਮੰਗ ਹੋ ਰਹੀ ਹੈ ਜਿਹੜੀ ਇਹਨਾ ਸੁਆਲੀਆਂ ਦੇ ਮਾਲ-ਧਨ, ਇਜ਼ੱਤ-ਆਬਰੂ ਤੇ ਸਮਾਜੀ ਸਭਿਆਚਾਰ ਨੂੰ ਬਚਾਉਣ ਦਾ ਸਾਧਨ ਤੇ ਉਪਾਅ ਬਣ ਸਕੇ। ਇਹੋ ਜਿਹੇ ਕਠਨਾਈ ਪੂਰਣ ਚਿੰਤਾ-ਗ੍ਰਸਤ ਹਾਲਾਤ ਦੀ ਜਾਣਕਾਰੀ ਪ੍ਰਾਪਤ ਕਰ ਕੇ ਉਸ ਸਮੇਂ ਬਾਲ ਗੋਬਿੰਦ

ਰਾਇ ਸੁਤੇ-ਸਿੱਧ ਹੀ ਉਹਨਾਂ ਨੂੰ ਉਸ ਸਮੇਂ ਦੀਆਂ ਸਮੂੰਹ ਇਤਿਹਾਸ -ਪ੍ਰਪੇਖੀ ਅਤੇ ਕਰੁਣਾਗਤ ਸਮਾਜਿਕ ਹਾਲਾਤ ਤੋਂ ਉਤਪੰਨ ਹੁੰਦੀਆਂ ਲੋੜਾਂ ਨੂੰ ਪੂਰੀਆਂ ਕਰਨ ਦੇ ਯੋਗ ਇਕੋ ਇਕ ਉੱਚੇ ਹਸਤੀ ਦਾ ਮਹਾਨਤਮ ਰੁੱਤਬਾ ਦੇਂਦੇ ਹਨ ਜੋ ਉਹਨਾਂ ਦੀ ਸਰਬਾਂਗੀ ਆਨ-ਸ਼ਾਨ ਦੀ ਰਾਖੀ ਕਰ ਸਕਦਾ ਹੋਵੇ।

ਉਹਨਾਂ ਦਾ ਇਹ ਸੁਤੇ ਸਿੱਧ ਉਚਾਰਿਆ ਫੁਰਨਾ ਆਪਣੇ ਮੂਲ ਰੂਪੀ ਵਿਚ ਉਹਨਾਂ ਦੇ ਬਾਲ-ਜੀਵਨ ਤੋਂ ਹੀ ਇੱਕ ਅਜਿਹੇ ਬਾਲ-ਮਨ ਵੱਲ ਭਰਵਾ ਇਸ਼ਾਰਾ ਕਰ ਜਾਂਦਾ ਹੈ ਜਿਸ ਨੂੰ ਕਿਸੇ ਪ੍ਰਕਾਰ ਵੀ ਸਧਾਰਨ ਬਾਲਕ ਨਹੀਂ ਕਿਹਾ ਜਾ ਸਕਦਾ। ਅਸੀਂ ਨਿੱਤ ਵੇਖਦੇ ਹਾਂ ਕਿ ਆਮ ਬਾਲਕ ਨਿੱਕੀਆਂ ਨਿੱਕੀਆਂ ਖੇਡਾਂ ਨੂੰ ਖੇਡਦੇ ਬਹੁਤ ਖੱਚਤ ਹੋਏ ਰੁੱਝੇ ਰਮੇ ਨਜ਼ਰ ਆਉਂਦੇ ਹਨ। ਪਰ ਇਹਨਾਂ ਦੇ ਮੁਕਾਬਲੇ ਬਾਲ ਗੋਬਿੰਦ ਰਾਇ ਇਕ ਅਸੀਮ ਪ੍ਰਤਿੱਭਾ-ਸੰਪੰਨ ਬਾਲਕ ਹੋਣ ਦਾ ਬੜਾ ਭਰਵਾ ਬਲਸ਼ਾਲੀ ਪ੍ਰਮਾਣ ਦੇਂਦੇ ਹਨ। ਜਦ ਉਹ ਆਪਣੇ ਮਹਾਨ ਪਿਤਾ ਨੂੰ ਸ਼ਹਾਦਤ ਦਾ ਵਿਚਾਰ ਅੰਗੀਕਾਰ ਕਰਨ ਦਾ ਸੁਝਾਓ ਸਹਿਜੇ ਹੀ ਦੇ ਜਾਂਦੇ ਹਨ ਉਹਨਾਂ ਦਾ ਇਹ ਫੁਰਨੱਈ ਸੁਝਾਓ ਸਾਨੂੰ ਇਸ ਪ੍ਰਕਾਰ ਦਾ ਵਡਿਆਈਆਂ ਮੱਤਾ ਬਾਲ -ਫੈਸਲਾ ਬਣ ਕੇ ਨਜ਼ਰੀ ਆਉਂਦਾ ਹੈ ਜੋ ਉਹਨਾਂ ਦੀ ਯੁਗਾਂਤਰੀ ਹਸਤੀ ਦੇ ਵਡ-ਵਡੇਰੇ ਉਸਾਰ ਦਾ ਪਹਿਲਾ ਤੇ ਪੱਕਾ ਵਾਰ ਬਣਦਾ ਹੈ ਜਿਸ 'ਤੇ ਨੌਂਵੇ ਪਾਤਸ਼ਾਹ ਦਿੱਲੀ ਜਾ ਕੇ ਆਪਣੀ ਸ਼ਹਾਦਤ ਦੇਂਦੇ ਹਨ ਤੇ ਨਾਲੋਂ ਨਾਲ ਹੀ ਅਗਲੀਆਂ ਵਡੇਰੀਆਂ ਪੰਧਾਊ ਨੀਹਾਂ-ਲੀਹਾਂ ਬਣਨੀਆਂ ਅਰੰਭ ਹੋ ਜਾਂਦੀਆਂ ਹਨ।

ਇਹ ਇਤਿਹਾਸਕ ਕਾਲ-ਖੰਡ ਰਾਜਨੀਤਕ ਤੌਰ ਤੋਂ ਵਿਚਾਰਿਆਂ ਏਕਾਧਿਕਾਰੀ ਰਾਜ਼ਸਾਹੀ ਦਾ ਹੈ। ਇਸ ਦੀਆਂ ਸੈਂਕੜੇ ਉਦਾਹਰਣਾਂ ਮਿਲਦੀਆਂ ਹਨ ਕਿ ਤਾਨਾਸ਼ਾਹੀ ਏਕਾਧਿਕਾਰੀ ਰਾਜ ਪ੍ਰਬੰਧ ਆਪਣੇ ਆਪ ਵਿਚ ਰਾਜ-ਸੱਤਾ ਦੇ ਅੰਨ੍ਹੇ ਨਸ਼ਿਆ ਵਿਚ ਚੂਰ ਮਦਮਾਤੇ ਸਿਰਫ ਸਵੈ ਨੂੰ ਹੀ ਸੁਆਰਦੇ ਰਾਜਿਆਂ ਤੇ ਰਾਜ-ਘਰਾਣਿਆਂ ਦਾ ਰਾਜਤੰਤਰ ਰਿਹਾ ਹੈ। ਇਸ ਵਿਚ ਲੋਕਾਂ ਦਾ ਲਹੂ ਪੀਣ ਤੇ ਫਿਰ ਡਕਾਰ ਵੀ ਨਾ ਮਾਰਨ ਦੀਆਂ ਮਾੜੀਆਂ ਪਰੰਪਰਾਵਾਂ ਰਹੀਆਂ ਹਨ। ਇਹ ਰਾਜ-ਸੱਤਾ ਦੇ ਘੋਰ ਕਾਲੇ ਅੰਨੇ ਦੌਰ ਰਹੇ ਹਨ ਜਦ ਸੱਤਾ-ਧਾਰੀ ਆਪਣੇ ਨੱਕ ਤੋਂ ਵੀ ਅੱਗੇ ਵੇਖ ਸਕਣੋਂ ਅਸਮਰੱਥ ਰਹੇ। ਜੇ ਉਹਨਾਂ ਕੁਝ ਵੇਖਿਆ ਤਾਂ ਆਪਣਾ ਹਰਮ ਵੇਖਿਆ। ਜੇ ਉਸ ਵਿਚ ਕੋਈ ਕਮੀ ਆਈ ਤਾਂ ਸਮਾਜਿਕ ਫੁਲਫਾੜੀ ਵਿੱਚੋਂ ਜਿਸ ਵੀ ਫੁੱਲ 'ਤੇ ਮਨ ਆਇਆ ਉਸ ਨੂੰ ਧੂਹ ਭਰੂ ਕੇ ਜ਼ਬਰ ਜ਼ੋਰੀ ਧੱਕੇ ਨਾਲ ਆਪਣੇ ਹਰਮ ਦਾ ਸ਼ਿੰਗਾਰ ਬਣਾਉਣ ਦੇ ਕਾਲੇ ਕਾਰਿਆਂ ਨੂੰ ਕਰ ਵਿਖਾਇਆ। ਬਾਕੀ ਰਾਜ ਪ੍ਰਬੰਧ ਤੇ ਅਖੌਤੀ ਲੋਕ-ਭਲਾਈ ਦੇ ਕਾਰਜ-ਕਰਮ ਉਹਨਾਂ ਦੇ ਕੁਝ ਅਮੀਰਾਂ-ਵਜ਼ੀਰਾਂ ਦੇ ਰਹਿਮ 'ਤੇ ਆਸ਼ਰਤ ਰਹੇ ਤੇ ਉਹ ਵੀ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਅਤੇ ਆਪਣੇ ਕਾਲੇ ਕਾਰਿਆਂ ਨੂੰ ਲੁਕਾਉਣ ਲਈ। ਉਹ ਆਪ ਅੰਨੀਆ ਰੰਗ-ਰਲੀਆਂ ਵਿਚ ਗਲਤਾਨ ਰਹੇ।

ਮੁਗਲਈ ਰਾਜਸ਼ਾਹੀ ਦਾ ਅਰੰਭ ਭਾਰਤ ਦੇਸ਼ ਵਿਚ ਬਾਬਰ ਨਾਲ ਹੁੰਦਾ ਹੈ ਜਿਸ ਨੂੰ ਗੁਰੂ ਨਾਨਕ ਪਾਤਸ਼ਾਹ ਜੀ ਨੇ 'ਪਾਪ ਕੀ ਜੰਞ' ਦਾ ਨਾਮ ਦੇਂਦਿਆ 'ਜੋਰੀ ਮੰਗੈ ਦਾਨੁ ਵੇ ਲਾਲੋ' ਦੇ ਫੁਰਮਾਣ ਨਾਲ ਉਸ ਦੇ ਮਾੜੇ ਕਿਰਦਾਰ ਨੂੰ ਨੰਗਿਆਂ ਕੀਤਾ ਹੈ। ਪਹਿਲੇ ਕੁਝ ਮੁਗਲ ਰਾਜੇ ਆਪਣੇ ਰਾਜ ਦੀ ਸਥਾਪਤੀ ਤੇ ਵਡੇਰੇ ਫੈਲਾਓ ਦੇ ਵਲ-ਚੱਕਰ ਵਿਚ ਘੁੰਮਦੇ ਹੋਏ ਇਸੇ ਵਿਚ ਰੁੱਝੇ ਰਹੇ। ਉਨ੍ਹਾਂ

ਇਨ੍ਹਾਂ ਨੂੰ ਨੇਪਰੇ ਚਾੜ੍ਹਨ ਲਈ ਹਰ ਪ੍ਰਕਾਰ ਦੇ ਜਾਇਜ਼-ਨਜਾਇਜ਼ ਹਰਬਿਆ ਦੀ ਵਰਤੋਂ ਕੀਤੀ। ਔਰੰਗਜ਼ੇਬ ਤੱਕ ਆਉਂਦਿਆਂ ਇਹ ਰਾਜ ਸਥਾਪਿਤ ਹੋ ਕੇ, ਉਸ ਦੀਆਂ ਮਾੜੀਆ ਨੀਤੀਆਂ ਕਾਰਨ ਫਿਰ ਢਹਿੰਦੀ ਕਲਾ ਵੱਲ ਜਾ ਚੁੱਕਾ ਸੀ ਤੇ ਦਿੱਲੀ ਦੇ ਤਖ਼ਤ ਵਿਰੁੱਧ ਬਗਾਵਤਾਂ ਦਾ ਹੋਣਾ ਕੋਈ ਨਵੀਂ ਗੱਲ ਨਹੀਂ ਰਹੀ ਸੀ। ਉਸ ਨੂੰ ਲੰਬਾ ਸਮਾਂ ਇਹਨਾਂ ਬਗਾਵਤਾਂ ਨੂੰ ਦਬਾਉਣ ਵਿੱਚ ਲਗਾਉਣਾ ਪਿਆ। ਇਸੇ ਕਾਰਨ ਉਹ ਰਾਜਤੰਤਰ ਦੇ ਹੋਰ ਕੰਮਾਂ ਵੱਲ ਧਿਆਨ ਹੀ ਨਾ ਦੇ ਸਕਿਆ ਅਤੇ ਪੰਜਾਬ ਵਿਚ ਉਸ ਸਮੇਂ ਦੇ ਸਥਾਨਕ ਹਾਕਮ ਸੂਬੇਦਾਰ ਆਪਣੀਆਂ ਮਨਮਾਨੀਆਂ ਲਈ ਅਜ਼ਾਦ ਹੋ ਗਏ। ਇਹ ਆਜ਼ਾਦੀ ਇਸ ਪ੍ਰਕਾਰ ਬਿਨਾਂ ਕੁੰਡੇ ਦੇ ਸੀ ਕਿ **ਸਰਹੰਦ ਵਿਚ ਸੂਬੇ ਦਿਆਂ ਹੁਕਮਾਂ ਨਾਲ ਦੋ ਮਸੂਮ ਜਿੰਦਾਂ ਨੂੰ ਨੀਹਾਂ ਵਿਚ ਚਿਣਾ ਦਿੱਤਾ ਗਿਆ। ਇਸ ਪ੍ਰਕਾਰ ਦੇ ਦਿਨ -ਦਿਹਾੜੇ ਹੋਏ ਲਹੂ-ਡੋਲ੍ਹਵੇਂ ਜ਼ੁਲਮ ਹੋਰ ਆਮ ਲੋਕਾਂ ਤਾਂ ਕੀ, ਰਾਜ਼ਸ਼ਾਹੀ ਦੀ ਆਪਣੀ ਕੌਮ ਦੇ ਲੋਕ ਵੀ ਅਥਵਾ ਸਹੀ ਸੋਚ ਵਾਲੇ ਮੁਸਲਮਾਨ ਵੀ ਇਸ ਜ਼ੁਲਮ ਨੂੰ ਠੀਕ ਨਾ ਕਹਿ ਸਕੇ। ਹਕੀਮ ਅੱਲਾ ਯਾਰ ਖਾਂ ਜੋਗੀ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਕਾਵਿਬਧ ਕਰਨਾ ਇਸ ਦੀਆਂ ਉੱਘੜਵੀਆਂ ਮਿਸਾਲਾਂ ਵਿੱਚੋਂ ਇਕ ਹੈ। ਨਵਾਬ ਮਲੇਰਕੋਟਲਾ ਵੀ ਉਸ ਵੇਲੇ ਠੀਕ ਸੋਚ ਨੂੰ ਅੰਗੀਕਾਰ ਕਰਦਿਆਂ ਹਾਅ ਦਾ ਨਾਹਰਾ ਮਾਰਨੋਂ ਨਾ ਰਹਿ ਸਕਿਆ।**

ਦਸਮ ਪਾਤਸ਼ਾਹ ਇੱਕ ਸੋਚ-ਸਾਗਰ ਤੋਂ ਅਥਾਹ ਗਿਆਨਵਾਨ ਫਲਸਫੀ ਵਿਦਵਾਨ ਸਨ। ਉਨ੍ਹਾਂ ਅਨੁਸਾਰ ਇਹ ਗਲਤੀ ਤੇ ਹੋਰ ਅਨੇਕ ਗਲਤੀਆਂ ਏਕਾਧਿਕਾਰੀ ਤਾਨਾਸ਼ਾਹੀ ਪ੍ਰਬੰਧ ਦੀਆਂ ਅਤੀ ਮਾੜੀਆਂ ਹਰਕਤਾਂ ਸਨ। ਇਕ ਵਿਦਵਾਨ ਇਹਨਾਂ ਕਾਰਿਆਂ ਕਾਲਖਾਂ ਨੂੰ ਸਦਾ ਲਈ ਮੇਟ ਦੇਣ ਲਈ ਆਪਣੀਆਂ ਸਮੂੰਹ ਸੋਚਾਂ ਸਮੇਤ ਕਾਰਜਸ਼ੀਲ ਹੁੰਦਿਆਂ ਇਕ ਗਲਤ ਸੱਤਾ-ਕੇਂਦਰ ਨੂੰ ਸਦਾ ਲਈ ਢਾਹੁਣ ਹਿੱਤ , ਇਸ ਦੀ ਥਾਂ ਪੰਚ-ਪ੍ਰਧਾਨੀ ਸੰਗਤੀ ਸੋਚ, ਰਲ ਕੇ ਤੁਰਨ ਵਾਲੇ, ਚੰਗਾ ਮਾੜਾ, ਉੱਚਾ ਨੀਵਾਂ ਸਭ ਕੁਝ ਵਿਚਾਰ ਸਮਝ ਕੇ, ਪੰਜ ਸੁਲਝੇ ਦਿਮਾਗਾਂ ਦੀਆਂ ਰੋਸ਼ਨ-ਸੋਚਾਂ ਨਾਲ ਰਲ ਕੇ ਫੈਸਲੇ ਲੈਣ। ਉਹਨਾਂ ਨੂੰ ਨਿਭਾਉਣ ਅਥਵਾ ਉਹਨਾਂ ਦੇ ਸਿੱਟਿਆਂ ਨੂੰ ਰਲ ਕੇ ਸਿਰ ਝੱਲਣ ਲਈ ਤਨੋ,ਮਨੋ , ਧਨੋ। ਕ੍ਰਿਤ-ਸੰਕਲਪ, ਸੰਗਠਿਤ ਕੁਰਬਾਨੀ-ਪੁੰਜ ਸੂਰਬੀਰਾਂ ਨੂੰ ਅੱਗੇ ਲਿਆ ਹਰ ਹਾਲਾਤ ਵਿਚ ਕਾਰਜ ਕਰਨ, ਅੱਗੇ ਵਧਣ ਦੀ ਥਾਪਣਾ ਦੇ ਦਿੱਤੀ । ਨਿਸ਼ਚੇ ਹੀ ਇਹ ਪੰਜ ਰੋਸ਼ਨ ਕੁਰਬਾਨੀ ਕਰਤੇ ਇਕ ਵਿਚਾਰ ਆਧਾਰਤ ਜੁਜ਼ਬੰਦੀ ਵਿੱਚ ਜੁੜੇ ਤੇ ਜੁੜੇ ਕੇ ਕਾਰਜ ਕਰਦੇ ਦਸਮ ਪਾਤਸ਼ਾਹ ਦਾ ਯੁੱਗਾਂ-ਯੁੱਗਾਂ ਤੱਕ ਚਲਦਾ ਰਹਿਣ ਵਾਲਾ ਫਲਸਫੀ ਫੈਸਲਾ ਸੀ ਜਿਸ ਜਿਹਾ ਕੁਝ ਵੀ ਹੋਰ ਤਲਾਸ਼ ਸਕਣਾ ਅਸੰਭਵ ਹੈ ਤੇ ਅਸੰਭਵ ਰਹੇਗਾ। ਇਉਂ ਦਸਮ ਪਿਤਾ ਨੇ ਆਪਣੀ ਬੁਲੰਦ ਸੋਚ ਕਾਰਜਸ਼ੀਲਤਾ ਕਰਦਿਆਂ ਤੇ ਤਾਨਾਸ਼ਾਹੀ ਨੂੰ ਵਿਚਾਰ ਧਰਾਤਲ ਤੋਂ ਫਿਰ ਕਰਮ ਧਾਰਤਲ ' ਤੇ ਅਤੇ ਸਦਾ ਸਦਾ ਲਈ ਖਤਮ ਕਰ ਵਿਖਾਇਆ।

ਦਸਮ ਪਾਤਸ਼ਾਹ ਨੂੰ ਫਲਸਫੀ-ਨਾਇਕ ਪ੍ਰਤਿਸ਼ਟਤ ਕਰਨ ਵਾਲਾ ਉਹਨਾਂ ਦਾ ਵਡ-ਦਰਸ਼ਨੀ ਫੈਸਲਾ, ਗੁਰੂ -ਗ੍ਰੰਥ ਅਤੇ ਗੁਰੂ - ਪੰਥ ਨੂੰ ਗੁਰਿਆਈ ਦੇਣ ਦਾ ਹੈ। ਗਹੁ ਨਾਲ ਵਿਚਾਰ ਕਰਦਿਆਂ ਅਸੀਂ ਆਪਣੇ ਅੱਜ ਦੇ ਚਾਰ-ਚੁਫੇਰੇ ਵਿਚਰਦੇ ਦੇਹਧਾਰੀ ਗੁਰੂਆਂ, ਉਹਨਾਂ ਦੇ ਗੱਦੀਨਸ਼ੀਨਾਂ ਦੀਆਂ ਕ੍ਰਿਆ-ਕਲਾਪਾਂ ਨੂੰ ਧਿਆਨ ਵਿਚ ਲਿਆ ਕੇ, ਉਹਨਾਂ ਦੀਆਂ ਵੱਡ ਵਡੇਰੀਆਂ ਮਿਲਖ-ਜਗੀਰਾਂ ਕਈ

ਕਈ ਕਾਰਾਂ, ਉਹਨਾਂ ਦੇ ਵਾਤਾਨੁਕੂਲ ਭਵਨਾਂ ਤੇ ਆਚਰਣਕ ਗਿਰਾਵਟਾਂ ਨੂੰ ਵੇਖ ਸਮਝ ਸਕਦੇ ਹਾਂ ਕਿ ਮਨੁੱਖ ਦਾ ਕਿਸੇ ਨਾ ਕਿਸੇ ਜੀਵਨ ਮੋੜ 'ਤੇ ਡੋਲ ਜਾਣਾ ਸਦਾ ਸਦਾ ਹੀ ਸੰਭਵ ਰਹਿੰਦਾ ਹੈ। ਸੇਵਾ-ਸਾਧਨਾ ਅਧਿਐਨ ਤੇ ਤਪ-ਤੇਜ ਦੀਆਂ ਵਡਿਆਈਆਂ ਤੋਂ ਵਿਰਵੇ ਸੱਭੇ ਗੱਦੀਧਾਰੀ ਮਨੁੱਖੀ - ਦੋਸ਼ਾਂ ਲੋਭ, ਮੋਹ,ਹੰਕਾਰ ਤੇ ਸਭ ਤੋਂ ਵਧੇਰੇ ਘਾਤਕ ਕਾਮ-ਬਿਰਤੀ ਤੋਂ ਉਪਰ ਉਠਦੇ ਨਹੀਂ ਵੇਖੇ ਜਾ ਸਕਦੇ।

ਇਸ ਤੋਂ ਬਿਨਾਂ ਗੱਦੀਆਂ ਦੀ ਪ੍ਰਾਪਤੀ ਲਈ ਜੋ ਜੋੜ-ਤੋੜ ਚਲਦੇ ਰਹਿੰਦੇ ਹਨ ਜਦ ਇਹ ਜੋੜ-ਤੋੜ ਸਫਲ ਨਹੀਂ ਹੁੰਦੇ ਤਾਂ ਇਹ ਮਾਰ-ਕਾਟ ਵਿਚ ਵੀ ਬਦਲਦੇ ਵੇਖੇ ਜਾਂਦੇ ਹਨ। ਇਸ ਸਭ ਨੂੰ ਦਸਮ ਪਾਤਸ਼ਾਹ, ਇਹਨਾਂ ਦੇ ਸਭ ਵਰਤਾਰਿਆ ਨੂੰ ਇਹਨਾਂ ਦੇ ਮਾਰੂ ਨੁਕਸਾਨਾਂ ਨੂੰ ਪੂਰੀ ਤਰ੍ਹਾਂ ਜਾਣਦੇ ਹੋਏ ਇਸ ਨੂੰ ਬਦਲਦਿਆਂ ਨਵਾਂ -ਨਵੇਲਾ ਰੂਪ ਦੇਣ ਲਈ ਸੋਚ-ਸੰਪੰਨ ਹੋਏ। ਉਹਨਾਂ ਨੇ ਇੱਕ ਗੁਰ-ਗੱਦੀ ਦੀਆਂ ਮੰਜੀਆਂ ਵੀ ਬਣਦੀਆਂ ਪਾਈਆਂ ਸਨ ਤੇ ਮਸੰਦਾਂ ਦੀ ਮਾੜੀ ਪਰੰਪਰਾ ਦੇ ਵੀ ਉਹ ਭਲੀ-ਭਾਂਤ ਜਾਣਕਾਰ ਸਨ। ਇਉਂ ਹੀ ਗੁਰੂ-ਕੁਲਾਂ ਵਿਚ ਗੱਦੀ ਨਾ ਮਿਲਣ 'ਤੇ ਜੋ ਜੋ ਕਾਰਗੁਜ਼ਾਰੀਆਂ ਲੰਮੇ ਸਮਿਆਂ ਤੱਕ ਗੱਦੀ ਨਾ ਮਿਲਣ ਵਾਲਿਆਂ ਵੱਲੋਂ ਜਾਰੀ ਰਹੀਆਂ ਅਥਵਾ ਮੀਣੇ , ਧੀਰਮੱਲੀਏ ਉਹਨਾਂ ਨੂੰ ਵਿਸਰੇ ਹੋਏ ਨਹੀਂ ਸਨ।

ਇਸ ਤੋਂ ਵਧੇਰੇ ਸ਼ਬਦ ਗੁਰੂ ਅਤੇ ਵਿਚਾਰ -ਗੁਰਦੇਵ ਦੇ ਵਡੇਰੇ ਪਾਵਨ ਪਵਿੱਤਰ ਸੂਰਜੀ ਸੰਕਲਪ ਦੀ ਸਥਾਪਨਾ ਕਰ ਦੇਣਾ ਉਹਨਾਂ ਦਾ ਮਹਾਨਤਮ ਫਲਸਫੀ ਕਰਮ ਸੀ ਜਿਸ ਵਿਚ ਸ਼ਬਦ-ਗੁਰੂ ਸਰਬ ਸਮਰੱਥ ਗੁਰੂ ਦੇ ਹਰ ਪ੍ਰਕਾਰ ਦੇ ਅਥਾਹ ਅਸੀਮ ਗੁਣ ਤੇ ਵਡਿਆਈਆਂ ਸ਼ਾਮਲ ਸਨ ਤੇ ਦੇਹਧਾਰੀ ਗੁਰੂਆਂ ਵਾਲੀਆਂ ਹਰ ਪ੍ਰਕਾਰ ਦੀਆਂ ਖਾਮੀਆਂ ਇਸ ਵਿੱਚੋਂ ਆਪਣੇ ਆਪ ਹੀ ਖ਼ਾਰਜ ਹੋ ਜਾਂਦੀਆਂ ਸਨ। ਦਸਮ ਪਾਤਸ਼ਾਹ ਦਾ ਇਹ ਫ਼ੈਸਲਾ ਹੈ ਜਿਸ ਦੁਆਰਾ ਸ਼ਬਦ ਵਿਚਾਰ ਵਿਧਾਨ ਤੇ ਚਿੰਤਨ ਪਰਵਾਨ ਧਾਰਾ ਨੂੰ ਸਹੀ ਉਚਿਤ ਨਿਰਮਾਣ ਤੇ ਸਥਾਪਨਾ ਮਾਣ ਮਿਲਿਆ ਜਿਸ ਨੇ ਕੁੱਲ ਆਲਮ ਵਿੱਚ ਇੱਕ ਵਿਸ਼ੇਸ਼ ਗੁਣ-ਨਿਰਮਤ ਗੁਰ ਪੱਧਤੀ ਨੂੰ ਸਾਖੀ ਸਾਰਥਕ ਕਰ ਵਿਖਾਇਆ, ਵਿਦਮਾਨ ਕਰ ਸਜਾਇਆ।

ਇਸ ਦੇ ਨਾਲ-ਨਾਲ ਇਥੇ ਕਈ ਕੁਝ ਅਜਿਹਾ ਵੀ ਰਿਹਾ ਹੈ ਜਿਹੜਾ ਹੋਰ ਪਰੰਪਰਾਈ ਭਾਰਤੀ ਧਾਰਮਿਕ ਪਰਿਪਾਟੀਆਂ ਵਿਚ ਨਹੀਂ ਮਿਲਦਾ। ਦਸਮ-ਪਾਤਸ਼ਾਹ ਇਸ ਦਿਸ਼ਾ ਵਿਚ ਬਹੁਤ ਅਗੇਰੇ ਨਿਕਲ ਗਏ ਜਦੋਂ ਆਪਣੇ ਆਪ ਨੂੰ ਆਪਣੇ ਚੇਲਿਆਂ ਸ਼ਿਸ਼ਾ ਅਰਥਾਤ ਪੰਜ ਪਿਆਰਿਆਂ ਦੇ ਸਨਮੁੱਖ ਆਜਿਜ਼ੀ ਨਾਲ ਸਮਰਪਤ ਕਰ ਕੇ ਉਹਨਾਂ ਕੋਲੋ ਅੰਮ੍ਰਿਤ ਦੀ ਦਾਤ ਮੰਗ ਕੇ ਲਈ ਆਪ ਸਾਹਿਬ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਸਜ ਗਏ। ਉਹਨਾਂ ਦਾ ਇਹ ਮਹਾਨ ਇਨਕਲਾਬੀ ਨਿਰਣਾ ਜਿਸ ਨੇ ਗੁਰੂ ਚੇਲੇ ਦੇ ਤਵਾਰੀਖੀ ਰੁਝਾਨ ਨੂੰ ਚੇਲੇ ਦੇ ਗੁਰੂ ਰੂਪ ਹੋਣ ਨਾਲ ਸਸ਼ੋਭਿਤ ਕਰ ਦਿੱਤਾ।

ਜਦੋਂ ਇਸ ਅਜੋਕੇ ਦੌਰ ਵੱਲ ਸਾਡਾ ਧਿਆਨ ਜਾਂਦਾ ਹੈ ਜਿਥੇ ਅਸੀ ਅਨੇਕ ਗੁਰੂਆਂ ਨੂੰ ਆਪਣੇ ਅਣਗਿਣਤ ਚੇਲਿਆਂ ਕੋਲੋ ਮੱਥੇ ਟਿਕਾਉਂਦੇ, ਮੱਥੇ ਰਗੜਾਉਂਦੇ ਵੇਖਦੇ ਹਾਂ ਤੇ ਪੈਰਾਂ ਹੇਠ ਹੱਥ ਧਰਾਉਂਦੇ ਵੇਖਦੇ ਹਾਂ ਤਾਂ ਇੱਕ ਬੜੀ ਸ਼ਿੱਦਤ ਨਾਲ ਸਾਨੂੰ ਇਹ ਪ੍ਰਤੀਤ ਹੋਣ ਲੱਗਦਾ ਹੈ ਕਿ ਸਾਡੇ

ਮਹਾਂ ਚਿੰਤਕ ਗੁਰੂ ਸਾਹਿਬ ਜੀ ਨੇ ਆਪਣੇ ਆਪ ਨੂੰ ਆਪਣੇ ਹੀ ਚੇਲਿਆਂ ਦੇ ਅੱਗੇ ਅਰਪਤ ਕਰ ਕੇ . . ਖਲ੍ਹਿਆਰ ਕੇ ਜਿਵੇਂ ਗੁਰੂ-ਪਰੰਪਰਾ ਨੂੰ ਪੁੱਠਾ ਗੇੜਾ ਦੇ ਦਿੱਤਾ ਹੋਵੇ। ਪਰ ਇਹ ਇਸ ਦੀ ਇਕ ਪੱਖ ਵਿਆਖਿਆ ਹੈ ਜੋ ਕਈ ਵਾਰ ਕੁਝ ਸਤਹੀ ਤੇ ਸਰਸਰੀ ਭਾਂਤ ਦੀ ਵਿਆਖਿਆ ਲੱਗਦੀ ਹੈ ਅਤੇ ਇਸ ਦੇ ਅਗਲੇ ਅਰਥ ਇਸ ਨਾਲੋਂ ਕਿਤੇ ਵਧੇਰੇ ਗੂਹੜੇ ਗੰਭੀਰ ਤੇ ਵਿਸ਼ਾਲ ਹਨ। ਉਹਨਾਂ ਨੇ ਵੀ ਆਪਣੇ ਦੌਰ ਵਿਚ ਕਈ ਪਾਖੰਡੀ ਕਰਮਕਾਂਡੀ ਸੇਵਾਵਾਂ ਮੰਗਦੇ ਗੁਰੂ ਵੇਖੇ ਹੋਣਗੇ। ਇਉਂ ਮਹਾਂ ਚਿੰਤਕ ਦਸਮ ਪਾਤਸ਼ਾਹ ਨੇ ਅਜਿਹੇ ਗੁਰੂਆਂ ਦੀ ਨਿਰੰਕੁਸ਼ਤਾ, ਗਲਤ ਪ੍ਰਕਾਰਾਂ ਦੀਆਂ ਪੂਜਾਵਾਂ ਅਰਚਨਾਵਾਂ ਤੇ ਮੰਗਾਂ ਨੂੰ ਵਡੇਰਾ ਡੱਕਾ ਲਾ ਦਿੱਤਾ ਕਿ ਗੁਰੂ ਬੇਸ਼ਕ ਆਪਣੇ ਸ਼ਿਸ਼ਾ ਦਾ ਘਾੜਾ ਹੈ, ਸਿਰਜਕ ਹੈ ਪਰ ਜਦੋਂ ਉਹ ਆਪਣੇ ਅਸਲ ਜਲੌ ਵਿੱਚ ਆ ਜਾਂਦੇ ਹਨ ਤਾਂ ਉਨ੍ਹਾਂ ਦੀ ਪੰਚਾਇਤ ਸਰਬ ਅਧਿਕਾਰ ਸੰਪੰਨ ਹੋ ਜਾਂਦੀ ਹੈ ਉਨ੍ਹਾਂ ਦੀ ਹਸਤੀ ਸੁੰਤਤਰ ਹੋ ਜਾਂਦੀ ਹੈ ਤੇ ਸਰਬ ਸ਼ਕਤੀ ਸੰਪੂਰਨ ਹੋ ਜਾਂਦੀ ਹੈ। ਜਦੋਂ ਉਹ ਇਕ ਨਾ ਹੋ ਕੇ ਪੰਜ ਕੁਰਬਾਨੀ ਪੁੰਜ ਹੋਣ ਤਾਂ ਫਿਰ ਕਿਸੇ ਸ਼ੱਕ ਦੀ ਗੁੰਜਾਇਸ਼ ਹੀ ਕਿੱਥੇ ਬਚਦੀ ਹੈ ? ਹੋਰ ਲੋਕ ਤਾਂ ਕੀ ਉਹਨਾਂ ਦਾ ਸਿਰਜਕ ਬਾਪ ਵੀ ਉਹਨਾਂ ਤੋਂ ਉੱਪਰ ਨਹੀਂ ਰਹਿ ਜਾਂਦਾ

ਇਸੇ ਵਿਚਾਰ-ਵੱਥ ਨੂੰ ਅੱਗੇ ਤੋਰਦਿਆਂ ਅਸੀਂ ਵੇਖਦੇ ਹਾਂ ਕਿ ਲੋਕ ਹਰ ਸਮੇਂ ਵਿਚ ਆਪਣੀ ਸੰਤਾਨ ਨੂੰ ਬਹੁਤ ਮੋਹ-ਪਿਆਰ ਕਰਦੇ ਹਨ। ਉਸ ਲਈ ਜ਼ਮੀਨ ਅਸਮਾਨ ਇਕ ਕਰਦੇ ਹੋਏ, ਸਭ ਕੁਝ ਦਾਅ ਤੇ ਲਾਉਂਦਿਆਂ ਉਮਰਾਂ ਤੱਕ ਉਸ ਦੇ ਲੇਖੇ ਲਾ ਦਿੰਦੇ ਹਨ। ਪਰ ਯੁੱਗ-ਪੁਰਸ਼ ਗੁਰੂ ਗੋਬਿੰਦ ਸਿੰਘ ਜੀ ਕਿਸ ਪ੍ਰਕਾਰ ਦੇ ਪਿਤਾ ਹਨ ਜੋ ਲਾਲਾਂ ਨੂੰ ਆਪ ਤਿਆਰ ਕਰ ਕੇ ਸ਼ਹਾਦਤ ਲਈ ਤੋਰ ਦੇਂਦੇਂ ਹਨ। ਇਹ ਜੱਗੋਂ ਬਾਹਰਾ ਤੇ ਲੋਕ-ਰੀਤ ਤੋਂ ਵੱਖਰੀ ਭਾਂਤ ਦਾ ਕਰਮ ਹੈ ਜਿਹਨੂੰ ਮਹਾਂ ਚਿੰਤਕ ਗੁਰੂ ਗੋਬਿੰਦ ਸਿੰਘ ਜੀ ਹੀ ਕਰ ਕੇ ਵਿਖਾ ਸਕਦੇ ਸਨ। ਇਹ ਮਹਾਨ ਕਾਰਨਾਮੇ ਮਰਦ ਅਗੰਮੜੇ, ਗੁਰੂ ਗੋਬਿੰਦ ਸਿੰਘ ਜੀ ਹੀ ਕਰ ਸਕਦੇ ਸਨ ਜਿਨ੍ਹਾਂ ਤੋਂ ਸਦ-ਸਦ ਬਲਿਹਾਰ ਹਾਂ, ਰੋਮ-ਰੋਮ ਨਮੋਂ ਨਮੋਂ ਨਮਸਕਾਰ ਹੈ।

ਛੁਪਾਏ ਛੁਪ ਨਹੀ ਸਕਤੇ ਸ਼ਹੀਦੋਂ ਕੇ ਅਫਸਾਨੇ
ਅਗਰ ਸੂਲੀ ਨਾ ਬੋਲੇਗੀ ਲਹੂ ਕੀ ਧਾਰ ਬੋਲੇਗੀ।
ਜੋ ਗਰਦਨ ਕਟ ਤੋ ਸਕਤੀ ਹੈ ਮਗਰ ਝੁਕ ਨਹੀਂ ਸਕਤੀ
ਯਹੀ ਖੰਜਰ ਵੀ ਬੋਲੇਗਾ, ਯਹੀ ਤਲਵਾਰ ਬੋਲੇਗੀ।
ਯੁਗੋਂ ਤੱਕ ਰੋਸ਼ਨੀ ਮਿਲਤੀ ਰਹੇਗੀ ਇਨ ਚਿਰਾਗੋਂ ਸੇ
ਕਹੀ ਚਮਕੌਰ ਬੋਲੇਗਾ ਕਹੀ ਦੀਵਾਰ ਬੋਲੇਗੀ।

***

# ਭਗਤ ਸੈਣ ਜੀ

ਜਨਮ ੧੧ ਦਸੰਬਰ ੧੩੯੦ ਪੂਰਨਮਾਸ਼ੀ ਮੱਘਰ ਸੰਮਤ ੧੪੪੭ ਨੂੰ ਪਿਤਾ ਮੁਕੰਦ ਰਾਏ, ਮਾਤਾ ਜੀਵਨੀ ਦੇ ਘਰ, ਅੰਮ੍ਰਿਤ ਵੇਲੇ ਪਿੰਡ ਸੋਹਲ , ਨੇੜੇ ਪੰਜਵੜ, ਅੰਮ੍ਰਿਤਸਰ ਵਿਖੇ ਹੋਇਆ । ਇਹ ਨਾਈ ਪਰਿਵਾਰ ਨਾਲ ਸਬੰਧ ਰੱਖਦੇ ਸਨ, ਇਨ੍ਹਾਂ ਦੀ ਸ਼ਾਦੀ ਲਾਹੌਰ ਦੇ ਭਾਈ ਜਲਖੜ ਦੀ ਸਪੁੱਤਰੀ ਸੁਲਖਣੀ ਦੇ ਨਾਲ ਹੋਈ।

ਰਾਜਸਥਾਨ ਦੇ ਇਲਾਕੇ ਰੀਵਾ (ਬਾਂਧਵਗੜ) ਦੇ ਰਾਜਾ ਬੀਰ ਸਿੰਘ ਦੇ ਦਰਬਾਰ ਵਿਚ ਰਹਿਣ ਲੱਗੇ, ਆਪ ਜੀ ਭਗਤ ਰਾਮਾ ਨੰਦ ਦੇ ਸੇਵਕ ਸਨ । ਪਿੰਡ ਸੋਹਲ ਵਿਖੇ ਆਪ ਦੀ ਯਾਦ ਵਿਚ ਸੁੰਦਰ ਗੁਰਦੁਆਰਾ ਅਤੇ ਅੰਮ੍ਰਿਤ ਸਰੋਵਰ ਹੈ ਹਰ ਸਾਲ ਆਪ ਜੀ ਦੇ ਪੂਰਬ ਭਾਰੀ ਰੌਣਕਾਂ ਨਾਲ ਮਨਾਏ ਜਾਂਦੇ ਹਨ।

ਇਕ ਵਾਰੀ ਭਗਤ ਸੈਣ ਜੀ ਸਾਧੂ ਸੰਤਾਂ ਦੀ ਸੰਗਤ ਵਿਚ ਸਾਰੀ ਰਾਤ ਅਕਾਲ ਪੁਰਖ ਦੀ ਉਸਤਤ ਵਿੱਚ ਇਲਾਹੀ ਕੀਰਤਨ ਦਾ ਅਨੰਦ ਮਾਣਦੇ ਰਹੇ, ਤਾਂ ਵਾਹਿਗੁਰੂ ਨੇ ਆਪਣੇ ਸੇਵਕ ਦੀ ਥਾਂ,ਸੈਣ ਦੇ ਰੂਪ ਵਿਚ ਰਾਜੇ ਦੀ ਸੇਵਾ ਕੀਤੀ।

"ਸੈਣ ਰੂਪਿ ਹਰਿ ਹੋਇ ਕੈ ਆਯਾ ਰਾਣੈ ਨੋ ਰੀਝਾਈ"

ਰਾਜਾ ਵੀ, ਭਗਤ ਸੈਣ ਦਾ ਸਰਧਾਲੂ ਸੇਵਕ ਬਣ ਕੇ ਰੱਬ ਦੀ ਭਗਤੀ ਕਰਨ ਲੱਗਾ:

'ਊਤਮੁ ਦੀਅਰਾ ਨਿਰਮਲ ਬਾਤੀ ॥ ਤੁਹੀ ਨਿਰੰਜਨੁ ਕਮਲਾ ਪਾਤੀ ॥
ਰਾਮਾ ਭਗਤਿ ਰਾਮਾਨੰਦੁ ਜਾਨੈ ॥ ਪੂਰਨ ਪਰਮਾਨੰਦੁ ਬਖਾਨੈ ॥
ਮਦਨ ਮੂਰਤਿ ਭੈ ਤਾਰਿ ਗੋਬਿੰਦੇ ॥ ਸੈਨੁ ਭਣੈ ਭਜੁ ਪਰਮਾਨੰਦੇ ॥

ਭਗਤ ਸੈਣ ਜੀ ੫੦ ਸਾਲ ਦੀ ਉਮਰ ਤੱਕ ਉਸ ਨਿਰੰਕਾਰ ਦੀ ਭਗਤੀ ਦਾ ਆਨੰਦ ਮਾਣਦੇ ਹੋਰਨਾਂ ਨੂੰ ਉਪਦੇਸ਼ ਕਰਦੇ ਸੰਨ ੧੪੪੦ ਨੂੰ ਨਿਰੰਕਾਰ ਦੀ ਜੋਤ ਵਿਚ ਸਮਾ ਗਏ।

ਸਤਿਗੁਰੂ ਨਾਨਕ ਦੇਵ ਜੀ ਨੇ ਆਪ ਇਨ੍ਹਾਂ ਦੇ ਅਸਥਾਨ ਤੇ ਜਾ ਕੇ ਇਨ੍ਹਾਂ ਦੀ ਭਗਤੀ ਵਾਲਾ ਇਲਾਹੀ ਸ਼ਬਦ ਉਤਾਰਾ ਕੀਤਾ।

" ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ॥
ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ ॥


ਸਿੱਖ ਜਗਤ ਦਾ ਅਧਿਆਤਮਕ ਸੋਮਾ -

# ਸ੍ਰੀ ਹਰਿਮੰਦਰ ਸਾਹਿਬ

ਪ੍ਰੋ: ਬਲਵਿੰਦਰ ਪਾਲ ਸਿੰਘ

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ।

ਸ੍ਰੀ ਹਰਿਮੰਦਰ ਸਾਹਿਬ ਵਿਚ ਭਾਈ ਨਿਹਾਲ ਸਿੰਘ ਤੇ ਭਾਈ ਜਵਾਹਰ ਸਿੰਘ ਦੁਆਰਾ ਹੋਇਆ ਗੱਚ ਦਾ ਕੰਮ ਗੁੰਬਦ ਦੇ ਅੰਦਰਲੇ ਪਾਸੇ ਹਰਿ ਕੀ ਪੌੜੀ ਦੀ ਉਤਲੀ ਛੱਤ ਉਤੇ ਮਿਲਦਾ ਹੈ, ਜਿਸ ਵਿਚ ਗੁਰਬਾਣੀ ਦੀਆਂ ਤੁਕਾਂ ਅੰਕਿਤ ਹਨ। ਇਸ ਅਸਥਾਨ ਵਿਚ ਹੋਇਆ ਜੜਤਕਾਰੀ ਤੇ ਮੀਨਾਕਾਰੀ ਦਾ ਕੰਮ ਵਿਸ਼ੇਸ਼ ਮਹੱਤਵ ਦਾ ਲਖਾਇਕ ਹੈ। ਇਸ ਦੇ ਥੰਮ, ਫਰਸ਼, ਜਾਲੀਆਂ ਆਦਿ ਹੋਰ ਥਾਵਾਂ ਚਿੱਟੇ ਸੰਗਮਰਮਰ ਦੀਆਂ ਬਣੀਆਂ ਹੋਈਆਂ ਹਨ। ਇਸ ਦੀਆਂ ਕੰਧਾਂ ਉਤੇ ਜੜਤਕਾਰੀ ਦਾ ਬਹੁਤ ਬਾਰੀਕ ਕੰਮ ਹੋਇਆ ਹੈ, ਕਿਉਂਕਿ ਉਹਨਾਂ ਉਤੇ ਰੰਗ-ਬਿਰੰਗੇ ਕੀਮਤੀ ਅਤੇ ਖਾਸ ਪੱਥਰਾਂ ਨਾਲ ਫੁੱਲਾਂ, ਫਲਾਂ, ਵੇਲਾਂ ਬੂਟਿਆਂ ਉਤੇ ਇੰਨੀ ਮਿਹਨਤ ਕੀਤੀ ਹੈ ਕਿ ਹਰ ਰੇਸ਼ਾ ਦਿਖਾਈ ਦਿੰਦਾ ਹੈ। ਇਸ ਦੀਆਂ ਸਾਰੀਆਂ ਦੀਵਾਰਾਂ ਤੇ ਅੱਠ ਫੁੱਟ ਦੀ ਉਚਾਈ ਤਕ ਅਕੀਕ, ਜ਼ਹਿਰ ਮੋਹਰਾ, ਬਲੋਰੀ, ਲਾਜਵਰਦ, ਫਿਰੋਜੀ ਵੱਖ-ਵੱਖ ਪ੍ਰਕਾਰ ਦੇ ਰੰਗ-ਬਿਰੰਗੇ ਪੱਥਰ ਜੜੇ ਹੋਏ ਹਨ। ਜੋ ਵੱਖ-ਵੱਖ ਰੰਗਾਂ ਵਿਚ ਹਲਕੀ ਤੇ ਗੂਹੜੀ ਭਾਅ ਮਾਰਦੇ ਹਨ। ਇਸ ਦੇ ਫਰਸ਼ ਉਤੇ ਚਿੱਟੇ ਪੱਥਰਾਂ ਤੋਂ ਇਲਾਵਾ ਕਿਰਮਚੀ ਤੇ ਖਾਕੀ ਰੰਗ ਦੇ ਪੱਥਰ ਵੀ ਲੱਗੇ ਹੋਏ ਹਨ। ਸ੍ਰੀ ਹਰਿਮੰਦਰ ਸਾਹਿਬ ਵਿਚ ਹਰਿ ਕੀ ਪੌੜੀ ਦੀ ਉਪਰਲੀ ਛੱਤ ਤੇ ਗੁੰਬਦ ਦੇ ਚਾਰੇ ਕੋਨਿਆਂ ਵਿਚ ਟੁਕੜੀ ਕਲਾ ਦਾ ਹੋਇਆ ਕੰਮ ਬਹੁਤ ਸੁੰਦਰ ਢੰਗ ਨਾਲ ਹੋਇਆ ਹੈ, ਕਿਉਂਕਿ ਇਸ ਉਤੇ ਗੋਲ, ਚੌਰਸ, ਤਿਕੋਨੇ, ਬਰਫੀ-ਨੁਮਾ ਆਦਿ ਕਈ ਸ਼ਕਲਾਂ ਵਿਚ ਜੜੇ ਸ਼ੀਸ਼ੇ ਨਿੰਮੀ ਲੋਅ ਕਾਰਨ ਖੂਬ ਲਿਸ਼ਕਦੇ ਤੇ ਚਮਕਦੇ ਹਨ।



ਸ੍ਰੀ ਹਰਿਮੰਦਰ ਸਾਹਿਬ ਵਿਚ ਸੋਨੇ ਦੇ ਵਰਕਾਂ ਨਾਲ ਜੜੀ ਹੋਈ ਤਾਂਬੇ ਦੀ ਸਜਾਵਟ ਦਾ ਕੰਮ ਮੁੱਖ ਤੌਰ ਤੇ ਮਿਲਦਾ ਹੈ। ਇਹ ਕੰਮ ਇਸ ਦੀ ਪਹਿਲੀ ਛੱਤ ਉਤੇ, ਉਪਰਲੀ ਮੰਜ਼ਲ ਦੇ ਬਨੇਰਿਆਂ ਉਤੇ, ਮੁੱਖ ਮੰਦਰ ਦੀਆਂ ਡਾਟਾਂ ਉਤੇ, ਜਿਨ੍ਹਾਂ ਤੇ ਗੁਰਬਾਣੀ ਦੀਆਂ ਤੁਕਾਂ ਅੰਕਿਤ ਹਨ ਅਤੇ ਇਸ ਦੀਆਂ ਚਾਰੇ ਦੀਵਾਰਾਂ ਜਿਨ੍ਹਾਂ ਉਤੇ ਸੰਗਮਰਮਰ ਲੱਗਾ ਹੋਇਆ

ਹੈ, ਤੋਂ ਉਪਰ ਬਨੇਰਿਆਂ ਤੱਕ ਇਹ ਕੰਮ ਮਿਲਦਾ ਹੈ, ਜਿਨ੍ਹਾਂ ਉਤੇ ਫੁੱਲਾਂ, ਵੇਲਾਂ ਅਤੇ ਪੌਦੇ ਬਹੁਤ ਸੁੰਦਰ ਢੰਗ ਨਾਲ ਚਿਤ੍ਰਿਤ ਹੋਏ ਹਨ। ਦਰਸ਼ਨੀ ਡਿਉਢੀ ਦੇ ਬਾਹਰ ਉਪਰਲੇ ਪਾਸੇ ਵੱਲ ਸ੍ਰੀ ਗੁਰੂ ਨਾਨਕ ਦੇਵ ਜੀ, ਬਾਲੇ ਤੇ ਮਰਦਾਨੇ ਦੇ ਚਿੱਤਰਾਂ ਨਾਲ ਸਜੀ ਹੋਈ ਸੋਨੇ ਦੇ ਵਰਕਾਂ ਨਾਲ ਜੜੀ ਹੋਈ ਤਾਂਬੇ ਦੀ ਪਲੇਟ ਲੱਗੀ ਹੋਈ ਹੈ ਅਤੇ ਅਜਿਹਾ ਇਕ ਹੋਰ ਚਿੱਤਰ ਸ੍ਰੀ ਹਰਿਮੰਦਰ ਸਾਹਿਬ ਦੀ ਮੱਥੇ ਵਾਲੀ ਦੀਵਾਰ ਉਤੇ ਦ੍ਰਿਸ਼ਟੀ-ਗੋਚਰ ਹੁੰਦਾ ਹੈ। ਇਥੇ ਇਹ ਲਿਖਣਾ ਉਚਿਤ ਹੋਵੇਗਾ ਕਿ ਮਹਾਰਾਜਾ ਰਣਜੀਤ ਸਿੰਘ ਨੇ ੧੮੦੫ ਈਸਵੀ ਨੂੰ ਸ੍ਰੀ ਹਰਿਮੰਦਰ ਸਾਹਿਬ ਉੱਪਰ ਸੋਨੇ ਤੇ ਪੱਤਰੇ ਚੜ੍ਹਾਉਣ ਲਈ ੫ ਲੱਖ ੮੭ ਹਜ਼ਾਰ ਦਾ ਸੋਨਾ ਭੇਂਟ ਕੀਤਾ।

ਸ੍ਰੀ ਹਰਿਮੰਦਰ ਸਾਹਿਬ ਦੀ ਸ਼ਾਨ ਨੂੰ ਚਾਰ-ਚੰਨ ਲਗਾਉਣ ਵਾਲੀਆਂ ਕੁਝ ਉਹ ਵਸਤੂਆਂ ਹਨ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ ਸ੍ਰੀ ਗੁਰੂ ਰਾਮਦਾਸ ਜੀ ਦੇ ਅਵਤਾਰ ਪੁਰਬ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅਵਤਾਰ ਪੁਰਬ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਥਾਪਨਾ-ਦਿਵਸ ਸਮੇਂ ਪ੍ਰਦਰਸ਼ਤ ਕੀਤੀਆਂ ਜਾਂਦੀਆਂ ਹਨ ਜਿਵੇਂ ਕਿ -

*1. ਜੜਾਊ ਛੱਤਰ -*

ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਦਾ ਦਸ ਸੇਰ ਭਾਰਾ ਤੇ ਤਿੰਨ ਫੁੱਟ ਘੇਰੇ ਵਿਚ ਸੋਨੇ ਦਾ ਬਣਿਆ, ਹੀਰਿਆਂ ਨਾਲ ਜੜਿਆ ਤੇ ਸੁੱਚੇ ਮੋਤੀਆਂ ਦੀ ਮਾਲਾ ਨਾਲ ਸਜੇ ਛੱਤਰ ਉਪਰ ਨੀਲਮ ਦੀ ਧੌਣ ਵਾਲਾ ਕੀਮਤੀ ਮੋਰ ਬਣਿਆ ਹੈ, ਜਿਸ ਦੀ ਚੁੰਝ ਵਿਚ ਸੁੱਚੇ ਮੋਤੀਆਂ ਦੀ ਨਿੱਕੀ ਜਿਹੀ ਮਾਲਾ ਹੈ। ਇਸ ਦੇ ਛੱਤ ਨਾਲ ਸੋਨੇ ਤੇ ਹੀਰੇ ਜਵਾਹਰਾਤ ਦੀਆਂ ਲੜੀਆਂ ਲਟਕ ਰਹੀਆਂ ਹਨ।

*2. ਸੋਨੇ ਦੇ ਦਰਵਾਜ਼ੇ -*

ਭਾਵੇਂ ਇਹ ਦਰਵਾਜ਼ੇ ਲੱਕੜ ਦੇ ਬਣੇ ਹੋਏ ਹਨ, ਪਰ ਇਹਨਾਂ ਉਪਰ ਸੋਨੇ ਦੇ ਪੱਤਰੇ ਜੜੇ ਹੋਏ ਹਨ, ਜਿਨ੍ਹਾਂ ਉਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਚਿੱਤਰਕਾਰੀ ਦੀ ਪੇਸ਼ਕਾਰੀ ਹੋਈ ਹੈ। ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਤੇ ਜੋ ਚਾਂਦੀ ਦੇ ਦਰਵਾਜੇ ਲੱਗੇ ਹੋਏ ਹਨ, ਉਹ ਸੋਮਨਾਥ ਮੰਦਰ ਦੇ ਹਨ, ਜਿਸ ਨੂੰ ਮਹਿਮੂਦ ਗਜ਼ਨਵੀ ਇਕ ਹਮਲੇ ਦੌਰਾਨ ਅਫਗਾਨਿਸਤਾਨ ਲੈ ਗਿਆ ਸੀ। ਪਰੰਤੂ ਅਫਗਾਨਿਸਤਾਨ ਦੇ ਸ਼ਹਿਜ਼ਾਦੇ ਨੇ ਦੋਸਤੀ ਦੇ ਤੋਹਫੇ ਵਜੋਂ ਮਹਾਰਾਜਾ ਰਣਜੀਤ ਸਿੰਘ ਨੂੰ ਭੇਂਟ ਕਰ ਦਿੱਤਾ ਸੀ।

*3. ਸੁਚੇ ਮੋਤੀਆਂ ਦਾ ਜੜਾਊ ਸਿਹਰਾ -*

੩੫ ਸੁਚੇ ਮੋਤੀਆਂ ਦੀਆਂ ਲੜੀਆਂ ਵਾਲਾ ਸਿਹਰਾ ਜੋ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਪੋਤਰੇ ਕੰਵਰ ਨੌਂ-ਨਿਹਾਲ ਸਿੰਘ ਦੇ ਵਿਆਹ ਸਮੇਂ ਤਿਆਰ ਕਰਵਾਇਆ ਸੀ, ਜਿਸ ਦੀਆਂ ਹੀਰੇ ਜੜੀਆਂ ਸੱਤ ਪਟੜੀਆਂ ਦੇ ਇਰਦ ਗਿਰਦ ੮੪ ਸੁਚੇ ਮੋਤੀ, ਚਾਰਾਂ ਸਿਰਿਆਂ ਤੇ ਇਕ ੧੬ ਮੋਤੀਆਂ ਵਾਲਾ ਕਾਨਫੂਨ, ਸੁਰਾਹੀਦਾਰ ਮੋਤੀ ਤੇ ਕਲਗੀ ਲੱਗੇ ਹੋਏ ਹਨ।

ਮਹਾਰਾਜਾ ਰਣਜੀਤ ਸਿੰਘ ਨੇ ਇਸ ਦੀ ਸੁੰਦਰਤਾ ਤੇ ਛੱਬ ਨੂੰ ਵੇਖ ਕੇ ਸ੍ਰੀ ਹਰਿਮੰਦਰ ਸਾਹਿਬ ਨੂੰ ਭੇਂਟ ਕਰ ਦਿੱਤਾ ਸੀ।

*4. ਕੀਮਤੀ ਚਾਨਣੀ -*

ਨਿਜ਼ਾਮ ਹੈਦਰਾਬਾਦ ਨੇ ਮਿੱਤਰਤਾ ਦੇ ਤੋਹਫੇ ਵਜੋਂ ਇਕ ਕੀਮਤੀ ਚਾਨਣੀ ਸੁਗਾਤ ਮਹਾਰਾਜਾ ਰਣਜੀਤ ਸਿੰਘ ਨੂੰ ਭੇਂਟ ਕੀਤੀ ਸੀ। ਪਰੰਤੂ ਮਹਾਰਾਜਾ ਰਣਜੀਤ ਸਿੰਘ ਨੇ ਇਸ ਦੀ ਅਲੌਕਿਕ ਸੁੰਦਰਤਾ ਨੂੰ ਵੇਖ ਕੇ ਸ੍ਰੀ ਦਰਬਾਰ ਸਾਹਿਬ ਭੇਂਟ ਕਰ ਦਿੱਤੀ। ਪਰ ਅਫਸੋਸ ਹੈ ਕਿ ਇਹ ਚਾਨਣੀ ਹੋਰ ਬਹੁਤ ਸਾਰੀਆਂ ਅਨਮੋਲ ਵਸਤੂਆਂ ਦੇ ਨਾਲ ੧੯੮੪ ਦੇ ਦੌਰਾਨ ਬਲਿਊ ਸਟਾਰ ਅਪਰੇਸ਼ਨ ਸਮੇਂ ਫੌਜੀ ਕਾਰਵਾਈ ਦੌਰਾਨ ਨਸ਼ਟ ਹੋ ਗਈ।

*5. ਸੋਨੇ ਦੇ ਮੋਰ-*

ਇਹ ਚਾਰ ਸੋਨੇ ਦੇ ਮੋਰ ਉਪਰੋਕਤ ਛੱਤਰ ਦੀ ਕਮਾਨੀ ਦੇ ਦੋਹੀਂ ਪਾਸੀਂ ਦੋ-ਦੋ ਕਰਕੇ ਲਾ ਦਿੱਤੇ ਜਾਂਦੇ ਹਨ।

*6. ਜੜਾਊ ਕਿਰਪਾਨ -*

ਮਹਾਰਾਜਾ ਰਣਜੀਤ ਸਿੰਘ ਦੁਆਰਾ ਸ੍ਰੀ ਹਰਿਮੰਦਰ ਸਾਹਿਬ ਨੂੰ ਭੇਂਟ ਕੀਤੀ ਲਾਲ, ਪੰਨੇ ਤੇ ਹੋਰ ਕੀਮਤੀ ਪੱਥਰਾਂ ਨਾਲ ਜੜੀ ਹੋਈ ਸੁਨਹਿਰੀ ਕਿਰਪਾਨ ਤੋਸ਼ਖਾਨੇ ਵਿਚ ਉਪਲਬੱਧ ਹੈ।

*7. ਸੋਨੇ ਦੀਆਂ ਕਹੀਆਂ ਤੇ ਚਾਂਦੀ ਦੇ ਬਾਟੇ -*

ਜਦੋਂ ੧੯੨੩ ਈ: ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਕਾਰ-ਸੇਵਾ ਪੰਜ ਪਿਆਰਿਆਂ ਦੁਆਰਾ ਆਰੰਭ ਹੋਈ ਸੀ ਤਾਂ ਉਨ੍ਹਾਂ ਲਈ ਉਚੇਚੇ ਤੌਰ ਤੇ ਮੋਤੀਆਂ ਨਾਲ ਸ਼ਿੰਗਾਰੀ ਹੋਈ ਚਾਂਦੀ ਦੇ ਦੰਸਤਿਆਂ ਵਾਲੀਆਂ ਸੋਨੇ ਦੀਆਂ ਪੰਜ ਕਹੀਆਂ ਤੇ ਪੰਜ ਚਾਂਦੀ ਦੇ ਬਾਟੇ ਬਣਾਏ ਗਏ, ਜੋ ਕਿ ਤੋਸ਼ੇਖਾਨੇ ਵਿੱਚ ਸਮਿਲਤ ਹਨ।

*8. ਸੋਨੇ ਦੇ ਚੱਕਰ :*

ਸਿੱਖ ਰੈਜਮੈਂਟ ਨੇ ਆਪਣੇ ਨਿਸ਼ਾਨ ਵਜੋਂ ਦੋ-ਦੋ ਚੱਕਰ ਬਣਵਾ ਕੇ ਸ੍ਰੀ ਹਰਿਮੰਦਰ ਸਾਹਿਬ ਵਿੱਚ ਭੇਂਟ ਕੀਤੇ ਸਨ।

*9. ਚੰਦਨ ਚਵਰ :*

੧ ਦਸੰਬਰ ੧੯੦੫ ਈ: ਨੂੰ ਤੁਰਕੀ ਦੇ ਸੰਤ ਹਾਜੀ ਮੁਹੰਮਦ ਮਸਕੀਨ ਨੇ ਇੱਕ ਚੰਦਨ ਚਵਰ, ਜੋ ਕਿ ੪੧੨੫ ਪੌਂਡ ਮੁੱਲ ਦੀ ਰਾਸ਼ੀ ਨਾਲ ਖਰੀਦੀ ਸੰਦਲ ਦੀ ਲਕੜੀ ਤੋਂ ੧੪੫੦੦੦ ਤਾਰਾਂ ਕੱਢ ਕੇ ਪੰਜ ਸਾਲ ਸੱਤ ਮਹੀਨਿਆਂ ਵਿੱਚ ਤਿਆਰ ਕੀਤਾ ਸੀ, ਨੂੰ ਸ੍ਰੀ ਦਰਬਾਰ ਸਾਹਿਬ ਵਿਖੇ ਭੇਂਟ ਕੀਤਾ, ਜੋ ਸ਼ੀਸ਼ੇ ਦੇ ਬਕਸੇ ਵਿੱਚ ਤੋਸ਼ੇਖਾਨੇ ਵਿਖੇ ਮੌਜੂਦ ਹੈ। ਕਿਹਾ ਜਾਂਦਾ ਹੈ ਕਿ ਸੰਤ ਹਾਜੀ ਨੇ ਦੋ ਅਜਿਹੇ ਚੌਰ ਤਿਆਰ ਕੀਤੇ ਸਨ। ਇਕ ਉਸ ਨੇ ਹੱਜ ਦੌਰਾਨ ਮੱਕਾ ਸਾਹਿਬ ਭੇਂਟ ਕੀਤਾ। ਭੇਂਟ ਕਰਦਿਆਂ ਹੋਇਆਂ ਜ਼ਦੋਂ ਉਸ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਮਦ ਸੰਬੰਧੀ ਉਥੇ ਉਕਰੇ ਅੱਖਰ ਦੇਖੇ ਤਾਂ ਉਸ ਨੇ ਸ੍ਰੀ ਹਰਿਮੰਦਰ ਸਾਹਿਬ ਵਿੱਚ ਇਕ ਅਜਿਹਾ ਚੌਰ ਭੇਂਟ ਕਰਨ ਦਾ ਨਿਸਚਾ ਕਰ ਲਿਆ। ਇਹ ਚੌਰ ਜਿਥੇ ਉਤਮ

ਚੰਦਨ ਕਲਾ ਦਾ ਨਮੂਨਾ ਹੈ, ਉਥੇ ਉਸ ਦੇ ਭਰਾਤਰੀ ਭਾਵ ਅਤੇ ਅਕਾਲ-ਪੁਰਖ ਦੀ ਇਕ ਹੋਂਦ ਵਿੱਚ ਵਿਸ਼ਵਾਸ਼ ਦਾ ਪ੍ਰਗਟਾਵਾ ਵੀ ਕਰਦਾ ਹੈ।

*10 ਛੱਤਰ, ਛੱਬੇ, ਸਿਹਰਾ ਤੇ ਹਾਰ :*

ਇਸ ਅਸਥਾਨ ਵਿੱਚ ਦੋ ਹੋਰ ਛੱਤਰ ਇਕ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਦੂਸਰਾ ਬਾਬਾ ਅਟਲ ਲਈ ਪਿਆ ਹੋਇਆ ਹੈ। ਇਸ ਦੇ ਨਾਲ ਇਕ ਬਹੁ-ਮੁੱਲਾ ਮੋਤੀਆਂ ਦਾ ਸਿਹਰਾ ਵੀ ਉਪਲਬਧ ਹੈ ਜੋ ਕਿਸੇ ਗੁਰੂ ਘਰ ਦੇ ਪ੍ਰੇਮੀ ਨੇ ਬਾਬਾ ਅਟਲ ਵਿਖੇ ਭੇਂਟ ਕੀਤਾ ਸੀ। ਇਕ ਕੀਮਤੀ ਸੋਨੇ ਦਾ ਹਾਰ ਕਿਸੇ ਸਿੰਧੀ ਸ਼ਰਧਾਲੂ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਭੇਂਟ ਕੀਤਾ ਸੀ। ਇਸ ਤੋਸ਼ੇਖਾਨੇ ਵਿੱਚ ਸੁੱਚੇ ਤੇ ਬਹੁਮੁੱਲੇ ਮੋਤੀਆਂ ਦੀਆਂ ਲੜੀਆਂ ਵਾਲੇ ਨੌਂ ਛੱਬੇ ਅਤੇ ਦਸ ਮੁਕੈਸ਼ੀ ਛੱਬੇ ਵੀ ਮੌਜੂਦ ਹਨ।

*11 ਪੁਰਾਣਾ ਇਤਿਹਾਸਕ ਨਕਸ਼ਾ, ਹੱਥ ਬਣੀ ਤਸਵੀਰ, ਚਾਂਦੀ ਦੀ ਪਲੇਟ :*

ਸ੍ਰੀ ਹਰਿਮੰਦਰ ਸਾਹਿਬ ਦਾ ਸੌ ਕੁ ਸਾਲ ਪੁਰਾਣਾ ਇਤਿਹਾਸਕ ਰੰਗਦਾਰ ਨਕਸ਼ਾ ਅਤੇ ਸਰ ਹੈਨਰੀ ਲਾਰੰਸ ਵਲੋਂ ਇਕ ਪੁਰਾਣੀ ਭੇਂਟ ਕੀਤੀ ਚਾਂਦੀ ਦੀ ਪਲੇਟ ਇਸ ਤੋਸ਼ੇਖਾਨੇ ਵਿੱਚ ਸੁਰੱਖਿਅਤ ਹੈ। ਕਿਸੇ ਚਿੱਤਰਕਾਰ ਦੁਆਰਾ ਬਣਾਈ ਹੋਈ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿੱਚ ਚਿਤਰੀ ਹੋਈ ਮਹਾਰਾਜੇ ਦੀ ਤਸਵੀਰ, ਜਿਸ 'ਚ ਉਹ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਵਿੱਚ ਬੈਠ ਕੇ ਇਲਾਹੀ ਕੀਰਤਨ ਕਰ ਰਹੇ ਹਨ, ਵਿਸ਼ੇਸ਼ ਅਹਿਮੀਅਤ ਦੀ ਲਖਾਇਕ ਹੈ, ਕਿਉਂਕਿ ਉਸ ਸਮੇਂ ਮੌਜੂਦ ਬੁੰਗਿਆਂ ਤੇ ਇਮਾਰਤ ਉਸਾਰੀ ਤੇ ਦਰਸ਼ਨੀ ਡਿਉਢੀ ਦੀ ਅਸਲ ਬਣਤਰ ਦਾ ਗਿਆਨ ਹੁੰਦਾ ਹੈ। ਇਸ ਤਸਵੀਰ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਦੀ ਸ਼ਹਿਜ਼ਾਦੀ ਬੰਬਾਂ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਭੇਂਟ ਕੀਤਾ ਸੀ। ਇਸ ਤੋਂ ਇਲਾਵਾ ਬਾਬਾ ਦੀਪ ਸਿੰਘ ਵਲੋਂ ਤਿਆਰ ਕੀਤੀ ਹੱਥ ਲਿਖਤ ਸੁਨਹਿਰੀ ਜਿਲਦ ਵਾਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਇਥੇ ਬਿਰਾਜਮਾਨ ਹੈ।

ਇਸ ਪ੍ਰਕਾਰ ਤੋਸ਼ੇਖਾਨੇ ਵਿੱਚ ਜੋ ਸਿੱਖ ਵਿਰਾਸਤ ਨਾਲ ਸੰਬੰਧਿਤ ਅਨਮੋਲ ਵਸਤੂਆਂ ਉਪਲਬਧ ਹਨ, ਉਹ ਸਤਿਕਾਰ ਤੇ ਪਿਆਰ ਦੀਆਂ ਲਖਾਇਕ ਹਨ।

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਸਿਰਫ਼ ਸਿੱਖ ਜਗਤ ਦਾ ਅਧਿਆਤਮਕ ਸੋਮਾ ਹੀ ਨਹੀਂ ਸਗੋਂ ਵਿਸ਼ਵ ਦੇ ਲੋਕਾਂ ਲਈ ਚਾਨਣ ਦਾ ਮੁਨਾਰਾ ਹੈ, ਕਿਉਂਕਿ ਇਹ ਇਕੋ ਅਜਿਹਾ ਅਸਥਾਨ ਹੈ, ਜਿਥੇ ਸਭ ਧਰਮਾਂ, ਜਾਤੀਆਂ ਦੇ ਲੋਕ ਭੇਦ-ਭਾਵ ਮਿਟਾਕੇ ਭਾਈਚਾਰੇ ਦੀ ਪ੍ਰੇਰਣਾ ਲੈ ਕੇ ਪ੍ਰਭੂ ਸਿਮਰਨ ਨਾਲ ਜੁੜਦੇ ਹੋਏ ਰੂਹਾਨੀਅਤ ਦੀ ਪ੍ਰਾਪਤੀ ਲਈ ਅੰਮ੍ਰਿਤ ਸਰੋਵਰ ਵਿੱਚ ਟੁੱਭੀ ਲਾਉਂਦੇ ਹਨ।ਸੁਹਜਾਤਮਕ ਤੇ ਕਲਾਤਮਕ ਪੱਖ ਤੋਂ ਵਿਸ਼ਵ ਦੇ ਸਮੁੱਚੇ ਅਜੂਬਿਆਂ ਨਾਲ ਵੱਖਰੀ ਹੋਂਦ ਸਥਾਪਿਤਕਰਦਾ ਹੋਇਆ ਸਮੂਹ ਲੋਕਾਈ ਦਾ ਰੋਗ ਨਿਵਾਰਣ ਕੇਂਦਰ ਬਣਦਾ ਹੈ।

ਹਰਿਮੰਦਰ ਸਾਹਿਬ ਦੀ ਉਪਮਾ ਇਕ ਵਿਦਵਾਨ ਦੀ ਨਜ਼ਰ ਵਿੱਚ --- ਇਹ ਹੈ ਸ੍ਰੀ ਅੰਮ੍ਰਿਤਸਰ ਦੀ ਪਾਵਨ ਸਰਜ਼ਮੀਨ ਉੱਤੇ ਵਸਿਆ ਰੱਬ ਦਾ ਜ਼ਾਹਰਾ ਚਮਤਕਾਰ ਸ੍ਰੀ ਦਰਬਾਰ ਸਾਹਿਬ। ਇਸ ਦੀ ਰੂਹਾਨੀ ਸ਼ਾਨੋਂ-ਸ਼ੌਕਤ ਇਸ ਦੀ ਨਿਵੇਕਲੀ ਛੱਬ, ਇਸ

ਦੀ ਰੂਹਾਨੀ ਸ਼ਾਨੋਂ-ਸ਼ੌਕਤ ਇਸ ਦੀ ਨਿਵੇਕਲੀ ਛੱਬ, ਇਸ ਦੇ ਪਵਿੱਤਰ ਪਾਣੀਆਂ ਵਿਚ ਝਿਲਮਿਲ ਕਰਦੇ ਰੋਸ਼ਨੀਆਂ ਦੇ ਪ੍ਰਛਾਵੇਂ ਅਤੇ ਰੱਬ ਦੇ ਦਰਬਾਰ ਅੰਦਰੋਂ ਕੀਰਤਨ ਦੀਆਂ ਫੁੱਟ ਰਹੀਆਂ ਫੁਹਾਰਾਂ, ਇਸ ਦੀ ਦਰਸ਼ਨੀ ਡਿਉਢੀ ਦੀ ਸਰਦਲ 'ਤੇ ਆਤਮਿਕ ਪਿਆਸ ਪੂਰੀ ਕਰਨ ਲਈ ਲੋਕਾਂ ਦੇ ਝੁਕੇ ਮਸਤਕ , ਬੈਕੁੰਠ ਕੀਰਤਨ ਦੇ ਸਰੂਰ ਵਿਚ ਡੁੱਬੀਆਂ ਮਸਤ ਅੱਖੀਆਂ ਸਾਰੀ ਫਿਜ਼ਾ ਵਿੱਚ ਅੰਮ੍ਰਿਤ ਘੋਲ ਦਿੰਦੀਆਂ ਹਨ। ਇਹ ਸਾਰਾ ਵਾਤਾਵਰਣ ਖਾਲਸਾ ਜੀ ਦੇ ਮਨ ਅੰਦਰ ਵੀ ਉਕਰਿਆ ਰਹਿੰਦਾ ਹੈ।

ਅਤਿ ਪਿਆਰੇ ਹਰਿਮੰਦਰ ਦੀ ਦੀਵਾਲੀ ਸਾਨੂੰ ਸਦਾ ਹੀ ਬੀਤੇ ਦੀਆਂ ਯਾਦਾਂ ਵੱਲ ਲੈ ਤੁਰਦੀ ਹੈ ਜਦੋਂ ਸਰਬੱਤ ਖਾਲਸਾ ਸਮੇਂ ਦੀ ਹਕੂਮਤਾਂ ਵਲੋਂ ਲਾਈਆਂ ਤਮਾਮ ਰੋਕਾਂ ਨੂੰ ਖਤਮ ਕਰ ਅਕਾਲ ਤਖਤ ਦੇ ਚਰਨਾਂ ਵਿੱਚ ਆ ਜੁੜਦਾ ਸੀ ਅਤ ਜਦੋਂ ਗੁਰਮਤੇ ਸੋਧ ਕੇ ਖਾਲਸਾ ਆਪਣੇ ਤੇ ਦੁਨੀਆਂ ਦੇ ਇਤਿਹਾਸ ਨੂੰ ਨਵੇਂ ਮੋੜ ਦਿੰਦਾ ਰਿਹਾ ਹੈ। ਇਸ ਹੀ ਥਾਂ 'ਤੇ ਖਾਲਸਾ ਕਿਸੇ ਮਹਾਨ ਉਦਾਸੀ ਦੇ ਆਲਮ ਵਿੱਚ ਡੁੱਬ ਕੇ ਆਪਣੇ ਪਵਿੱਤਰ ਹੰਝੂ ਕੇਰ ਕੇ ਕਿਸੇ ਅਗਲੀ ਮੰਜ਼ਲ ਦੇ ਨਿਸ਼ਾਨ ਵੀ ਲੱਭਦਾ ਰਿਹਾ ਹੈ ਅਤੇ ਨਾਲ ਖਲੋਤੀ ਬੇਰੀ ਅਜੇ ਵੀ ਪੈਗ਼ਾਮ ਦਿੰਦੀ ਹੈ ਕਿ ਇਸ ਰੱਬੀ ਕੇਂਦਰ ਦੀ ਰਾਖੀ ਲਈ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਸਦਾ ਹੀ ਆਉਂਦੇ ਜਾਂਦ ਰਹਿੰਦੇ ਹਨ।

ਹਰ ਮੌਸਮ , ਹਰ ਦਿਨ ਤੇ ਹਰ ਪਲ ਇੱਥੇ ਨਿੱਤ ਨਵਾਂ ਲਗਦਾ ਹੈ। ਪੂਰਨਮਾਸ਼ੀ ਦੀ ਰਾਤ ਨੂੰ ਹਰਿਮੰਦਰ ਤੋਂ ਹਾਸਲ ਹੋਣ ਵਾਲੀਆਂ ਬਖ਼ਸ਼ਿਸ਼ਾਂ ਦੇ ਅੰਦਾਜ਼ ਹੋਰ ਹੁੰਦੇ ਹਨ ਤੇ ਮੱਸਿਆ ਦੀ ਰਾਤ ਨੂੰ ਹੋਰ। ਵੱਡੇ ਤੜਕੇ ਇਸ ਦਾ ਰੱਬੀ ਜਲਾਲ ਕੋਈ ਹੋਰ ਪੈਗ਼ਾਮ ਦਿੰਦਾ ਹੈ ਤੇ ਅਤੇ ਨਿੱਕੀ-ਨਿੱਕੀ ਕਣੀ ਦੇ ਮੀਂਹ ਵਿਚ ਭਿੱਜ ਰਹੇ ਹਰਿਮੰਦਰ ਦਾ ਸੰਦੇਸ਼ ਕੁਝ ਹੋਰ ਹੀ ਸੁਨੇਹਾ ਦੇ ਰਿਹਾ ਹੁੰਦਾ ਹੈ। ਇਸ ਦੀਆਂ ਸਿਖਰ ਦੁਪਹਿਰਾਂ, ਇਸ ਦੀਆਂ ਡੂੰਘੀਆਂ ਸ਼ਾਮਾਂ ਅਤੇ ਇਸ ਦੀਆਂ ਪ੍ਰਭਾਤਾਂ ਦੇ ਦ੍ਰਿਸ਼ ਇਸ ਧਰਤੀ ਉਤੇ ਰੱਬੀ ਪ੍ਰਕਾਸ਼ ਦੇ ਅਨਮੋਲ ਝਲਕਾਰੇ ਹੀ ਤਾਂ ਹਨ। ਹਰਿਮੰਦਰ ਦੀਆਂ ਪਰਿਕਰਮਾ ਵਿਚ ਸੰਭਲ ਕੇ ਤੁਰੋ, ਕਿਉਂਕਿ ਦੁੱਧ ਚਿੱਟੇ ਸੰਗਮਰਮਰ ਦੇ ਪੱਥਰਾਂ ਹੇਠ ਹਜਾਰਾਂ ਸ਼ਹੀਦਾਂ ਦੀਆਂ ਰੂਹਾਂ ਹਨ ਜਿਨ੍ਹਾਂ ਨੇ ਖਾਲਸਾ ਪੰਥ ਦੇ ਇਤਿਹਾਸ ਨੂੰ ਸਦਾ ਹੀ ਸੱਜਰੀ ਸਵੇਰ ਵਾਂਗ ਚਮਕਦਿਆਂ ਰੱਖਿਆ ਹੈ। ਇਹ ਰੂਹਾਂ ਹਮੇਸ਼ਾਂ ਕੋਈ ਸੰਦੇਸ਼ ਦੇ ਰਹੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਬੁੱਝਣ ਲਈ ਉਸ ਆਵਾਜ਼ ਨਾਲ ਜੁੜਨਾ ਜ਼ਰੂਰੀ ਹੈ ਜੇ ਹਰਿਮੰਦਰ ਦੇ ਐਨ ਕੇਂਦਰ ਵਿਚੋਂ ਕੀਰਤਨ ਦੇ ਰੂਪ ਵਿਚ ਸਦਾ ਹੀ ਗੂੰਜਦੀ ਰਹਿੰਦੀ ਹੈ।

ਪਵਿੱਤਰ ਹਰਿਮੰਦਰ ਦੀਆਂ ਨੀਹਾਂ ਵਿਚੋਂ ਪਹਿਲੀ ਇੱਟ ਉਤੇ ਇਕ ਮਹਾਨ ਮੁਸਲਮਾਨ ਫਕੀਰ ਸਾਂਈਂ ਮੀਆਂ ਮੀਰ ਦੇ ਪਵਿੱਤਰ ਹੱਥਾਂ ਦੇ ਨਿਸ਼ਾਨ ਹਨ ਜੋ ਖਾਲਸੇ ਨੂੰ ਸਦਾ ਸਰਬੱਤ ਦੇ ਭਲੇ ਦੀ ਦੁਆ ਮੰਗਣ ਦੀ ਯਾਦ ਕਰਾਉਂਦੇ ਰਹਿਣਗੇ। ਦੀਵਾਲੀ ਦੇ ਮੌਕੇ ਉਤੇ ਬਾਹਰ ਨਜ਼ਰ ਆ ਰਹੀਆਂ ਰੋਸ਼ਨੀਆਂ ਨਾਲ ਭਰਿਆ ਹਰਿਮੰਦਰ ਹਮੇਸ਼ਾਂ ਮਨੁੱਖ ਨੂੰ ਅੰਦਰਲੀ ਰੋਸ਼ਨੀ ਨਾਲ ਮਾਲਾਮਾਲ ਹੋਣ ਦਾ ਸਦੀਵੀ ਪੈਗ਼ਾਮ ਦੇਂਦਾ ਰਹਿੰਦਾ ਹੈ।

***

# ਮਾਇਆ ਹੋਈ ਨਾਗਨੀ

ਪ੍ਰੋ: ਰਾਮ ਸਿੰਘ 'ਕੁਲਾਰ'

ਮਾਇਆ-ਰਹਿਤ ਸੰਸਾਰ ਦੀ ਕਲਪਨਾ ਕਰਨੀ ਹੀ ਅਸੰਭਵ ਜਾਪਦੀ ਹੈ। ਇਹ ਸੰਸਾਰ ਸਾਰਾ ਮਾਇਆ ਦਾ ਹੀ ਪਸਾਰਾ ਹੈ। ਮਾਇਆ ਬਿਨਾਂ ਦੁਨੀਆਂ ਦਾ ਕੋਈ ਕਾਰ-ਵਿਹਾਰ ਸਿੱਧ ਨਹੀਂ ਹੁੰਦਾ। ਮਾਇਆ ਨਾਲ ਹੀ ਦੁਨੀਆਂ ਵਿਚ ਸਤਿਕਾਰ ਮਿਲਦਾ ਹੈ। ਪਰਸੂ ਪਰਸਾ ਪਰਸ ਰਾਮ ਦੇ ਰੁਤਬੇ ਮਾਇਆ 'ਤੇ ਹੀ ਅਧਾਰਿਤ ਹਨ। ਗੋਰਖ ਬਾਣੀ ਵੀ ਇਸ ਕਥਨ ਦੀ ਪੁਸ਼ਟੀ ਕਰਦੀ ਹੈ:

**ਮਾਇਆ ਜ਼ੋਰ ਕਹਾਵੇ ਠਾਕਰ ॥ ਮਾਇਆ ਗਏ ਕਹਾਵੇ ਚਾਕਰ ॥**

ਫਿਰ ਗੁਰਬਾਣੀ ਵਿਚ ਇਸ ਨੂੰ ਨਾਗਣੀ ਕਿਉਂ ਕਿਹਾ ਗਿਆ ਹੈ ? ਇਹ ਪ੍ਰਸ਼ਨ ਦੀਰਘ ਵੀਚਾਰ ਦੀ ਮੰਗ ਕਰਦਾ ਹੈ।

ਜੀਵ-ਆਤਮਾ ਪ੍ਰਮਾਤਮਾ ਦਾ ਹੀ ਰੂਪ ਹੈ, ਪ੍ਰੰਤੂ ਇਹ ਜੀਵ ਹਉਮੈ ਵੱਸ ਹੋ ਕੇ ਸਰੀਰ ਧਾਰਨ ਕਰਦਾ ਹੈ।

ਮਾਇਆ ਤ੍ਰੈ ਗੁਣੀ ਹੈ। ਸਰੀਰ ਵਿਚ ਵੀ ਤਿੰਨ ਗੁਣ ਹਨ:

**ਏਹੁ ਸਰੀਰੁ ਹੈ ਤ੍ਰੈਗੁਣ ਧਾਤੁ ॥**

ਦਰਅਸਲ ਸਾਰਾ ਸੰਸਾਰ ਹੀ ਤਿੰਨਾਂ ਗੁਣਾਂ ਵਿਚ ਖੇਲਦਾ ਹੈ:

**ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ ॥**

ਅਥਵਾ

**ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥**

ਇਹ ਮਾਇਆ ਪ੍ਰਮਾਤਮਾ ਨੇ ਆਪ ਹੀ ਪੈਦਾ ਕੀਤੀ ਹੈ ਅਤੇ ਇਹ ਅਨੇਕ ਰੂਪਾਂ ਵਿਚ ਪ੍ਰਗਟ ਹੁੰਦੀ ਹੈ:

**ਅਪਨੀ ਮਾਇਆ ਆਪ ਪਸਾਰੀ ਆਪਹਿ ਦੇਖਨਹਾਰਾ ॥**
**ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥**

ਸੁਖਮਨੀ ਸਾਹਿਬ ਵਿਚ ਵੀ ਗੁਰੂ ਜੀ ਫ਼ਰਮਾਉਂਦੇ ਹਨ:

**ਅਨਿਕ ਭਾਤਿ ਮਾਇਆ ਕੇ ਹੇਤ ॥**

ਮਾਇਆ ਗੁਜ਼ਰਾਨ ਵਾਸਤੇ ਧਰਮ ਦੀ ਕਿਰਤ ਕਰ ਕੇ ਕਮਾਉਣੀ ਸਕਾਰਥ ਹੈ ਪ੍ਰੰਤੂ ਜਦ ਇਸ ਨੂੰ ਜੀਵਨ ਦਾ ਮਨੋਰਥ ਬਣਾ ਲਿਆ ਜਾਵੇ ਤਾਂ ਇਹ ਦੁੱਖਾਂ ਦਾ ਕਾਰਣ ਬਣ ਬਹਿੰਦੀ ਹੈ। ਇਸੇ ਪ੍ਰਥਾਇ ਗੁਰੂ ਜੀ ਦਾ ਕਥਨ ਹੈ:

**ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥**
**ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥**

ਪਹਿਲੇ ਤਾਂ ਸਰੀਰ ਆਪ ਹੀ ਮਾਇਆ ਹੈ ਫਿਰ ਇਸ ਤੇ ਲਾਲਚ ਦੀ ਪਾਹ ਚੜ੍ਹ ਜਾਂਦੀ ਹੈ ਅਤੇ ਜੀਵ ਦੀ ਉਹ ਹਾਲਤ ਹੋ ਜਾਂਦੀ ਹੈ ਕਿ ਇਕ ਕਮਲੀ ਦੂਜੀ ਪੈ ਗਈ ਸਿਵਿਆਂ ਦੇ ਰਾਹ। ਮਾਇਆ ਸੱਪਣੀ ਦਾ ਰੂਪ ਧਾਰ ਕੇ ਜੀਵ ਨੂੰ ਛਲਦੀ ਹੈ। ਮਾਣਸ ਤਾਂ ਕੀ ਵੱਡੇ-ਵੱਡੇ ਦੇਵਤੇ ਇਸ ਦੇ ਜਾਲ ਵਿਚ ਫਸ ਜਾਂਦੇ ਹਨ।

ਕਬੀਰ ਜੀ ਫੁਰਮਾਉਂਦੇ ਹਨ :

ਸਰਪਨੀ ਤੇ ਊਪਰਿ ਨਹੀ ਬਲੀਆ ॥
ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ ॥

ਸੱਚ ਤਾਂ ਇਹ ਹੈ ਕਿ ਇਸ ਮਾਇਆ ਨੇ ਸਗਲੇ ਬ੍ਰਹਿਮੰਡ ਨੂੰ ਆਪਣੀ ਲਪੇਟ ਵਿਚ ਲਿਆ ਹੋਇਆ ਹੈ :

ਜਲ ਮਹਿ ਮੀਨ ਮਾਇਆ ਕੇ ਬੇਧੇ ॥
ਦੀਪਕ ਪਤੰਗ ਮਾਇਆ ਕੇ ਛੇਦੇ ॥
ਕਾਮ ਮਾਇਆ ਕੁੰਚਰ ਕਉ ਬਿਆਪੈ ॥
ਭੁਇਅੰਗਮ ਭ੍ਰਿੰਗ ਮਾਇਆ ਮਹਿ ਖਾਪੇ ॥
ਮਾਇਆ ਐਸੀ ਮੋਹਨੀ ਭਾਈ ॥
ਜੇਤੇ ਜੀਅ ਤੇਤੇ ਡਹਕਾਈ ॥

ਅਤੇ ਮਾਇਆ ਵੰਨ-ਸੁਵੰਨੇ ਰੂਪ ਧਾਰ ਕੇ ਲੋਕਾਂ ਨੂੰ ਖ਼ੁਆਰ ਕਰਦੀ ਹੈ। ਪਾਤਸ਼ਾਹ ਲਿਖਦੇ ਹਨ

ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ ॥
ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ ॥

ਮਾਇਆ ਦੀਆਂ ਕਰਤੂਤਾਂ ਵੀ ਹੈਰਾਨ ਕਰ ਦੇਣ ਵਾਲੀਆਂ ਹਨ :

ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥

ਮਾਇਆ ਆਪਣੀ ਕਰਾਮਾਤ ਨਾਲ ਸਭ ਜੱਗ ਪਿੱਛੇ ਲਾਈ ਫਿਰਦੀ ਹੈ :

ਪਹਿਲਾ ਪੂਤੁ ਪਿਛੈਰੀ ਮਾਈ ॥ ਗੁਰੁ ਲਾਗੋ ਚੇਲੇ ਕੀ ਪਾਈ ॥

ਅਤੇ ਜੀਵ ਦੀ ਇਹ ਹਾਲਤ ਹੋ ਜਾਂਦੀ ਹੈ :

ਪ੍ਰਾਨੀ ਕਉ ਹਰਿ ਜਸੁ ਮਨਿ ਨਹੀ ਆਵੈ ॥
ਅਹਿਨਿਸਿ ਮਗਨੁ ਰਹੈ ਮਾਇਆ ਮੈ ਕਹੁ ਕੈਸੇ ਗੁਨ ਗਾਵੈ ॥

ਸੋਨਾ ਚਾਂਦੀ 'ਚ ਲੁਭਾਇਮਾਨ ਹੋਣਾ ਜੀਵ ਦੇ ਨੀਚ ਕਰਮਾਂ ਦੀ ਨਿਸ਼ਾਨੀ ਹੈ ਅਤੇ ਬਾਣੀ ਜੀਵਾਂ ਨੂੰ ਚਿਤਾਵਨੀ ਦਿੰਦੀ ਹੈ :

ਮਾਇਆ ਪਟਲ ਪਟਲ ਹੈ ਭਾਰੀ ਘਰੁ ਘੂਮਨਿ ਘੇਰਿ ਘੁਲਾਵੈਗੋ ॥

ਪਰ ਇਸ ਦੇ ਬਾਵਜੂਦ :

ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾਂ ਦੰਮ ॥

ਅਤੇ ਮਾਇਆ ਪ੍ਰਤੀ ਜੀਵ ਦਾ ਪਿਆਰ ਇਸ ਨੂੰ ਹਾਸਲ ਕਰਨ ਨਾਲ ਵਧਦਾ ਹੈ ਘਟਦਾ ਨਹੀਂ

ਸਹਸ ਖਟੇ ਲਖ ਕਉ ਉਠਿ ਧਾਵੈ ॥
ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥
ਅਨਿਕ ਮਾਇਆ ਰੰਗ ਤਿਖ ਨ ਬੁਝਾਵੈ ॥ ਅਤੇ
ਸੰਸਾਰੁ ਮਾਇਆ ਮੋਹੁ ਮੀਠਾ ਅੰਤਿ ਭਰਮੁ ਚੁਕਾਇਆ ॥

ਚਿਤਾਵਨੀ ਦੇ ਬਾਵਜੂਦ ਵੀ :

ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ ॥

ਗੁਰੂ ਜੀ ਹੋਕਾ ਦਿੰਦੇ ਹਨ

**ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ ॥**

ਪ੍ਰੰਤੂ ਹਾਲਤ ਇਹ ਹੈ

**ਮਾਇਆਧਾਰੀ ਅਤਿ ਅੰਨਾ ਬੋਲਾ ॥**
**ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥**

ਅਤੇ ਜੀਵ ਦਾ ਇਹ ਹਾਲ ਹੁੰਦਾ ਹੈ :

**ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥**

ਅਤੇ ਜੋ ਮਰਨ ਵੇਲੇ ਵੀ ਮਾਇਆ ਵਿਚ ਸੁਰਤ ਰੱਖਦਾ ਹੈ। ਭਗਤ ਤ੍ਰਿਲੋਚਨ ਜੀ ਕਹਿੰਦੇ ਹਨ ਕਿ ਉਹ ਸਰਪ ਜੋਨ ਵਿਚ ਪ੍ਰਵੇਸ਼ ਕਰਦਾ ਹੈ :

**ਅੰਤਿ ਕਾਲਿ ਜੋ ਲਛਮੀ ਸਿਮਰੈ**
**ਐਸੀ ਚਿੰਤਾ ਮਹਿ ਜੇ ਮਰੈ ॥**
**ਸਰਪ ਜੋਨਿ ਵਲਿ ਵਲਿ ਅਉਤਰੈ ॥**

ਗੁਰਬਾਣੀ ਅਨੁਸਾਰ ਮਾਇਆ ਨਾਮੁ ਗਰਭ ਜੋਨਿ ਕਾ ਹੈ ਅਤੇ :

**ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥**
**ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥**

ਲਿਵ ਕਾਰਨ ਬੱਚਾ ਜਨਮ ਵੇਲੇ ਰੋਂਦਾ ਹੈ। ਭਾਈ ਗੁਰਦਾਸ ਜੀ ਫ਼ਰਮਾਉਂਦੇ ਹਨ :

**ਰੋਵੈ ਰਤਨੁ ਗਵਾਇ ਕੈ ਮਾਇਆ ਮੋਹਿ ਅਨੇਰ ਗੁਬਾਰਾ ॥**
**ਓਹੁ ਰੋਵੈ ਦੁਖੁ ਆਪਣਾ ਹਸਿ ਹਸਿ ਗਾਵੈ ਸਭ ਪਰਵਾਰਾ ॥**

ਮੋਹ ਮਾਇਆ ਸੰਗ ਰਤਾ ਪਰਿਵਾਰ ਖੁਸ਼ੀਆਂ ਮਨਾਉਂਦਾ ਹੈ, ਭੰਗੜਾ ਪਾਉਂਦਾ ਹੈ ਪ੍ਰੰਤੂ ਨਵੇਂ ਜੀਵ ਦੀ ਭਾਈ ਸਾਹਿਬ ਅਨੁਸਾਰ ਇਹ ਅਵਸਥਾ ਹੁੰਦੀ ਹੈ :

**ਮਹਾ ਜਾਲ ਫਾਥਾ ਵੇਚਾਰਾ ॥**

ਪ੍ਰੰਤੂ ਗੁਰੂ ਐਸਾ ਸੁੱਘੜ ਵੈਦ ਹੈ ਜੋ ਕੇਵਲ ਮਰਜ਼ ਹੀ ਨਹੀਂ ਦਸੱਦਾ ਸਗੋਂ ਇਸ ਦਾ ਇਲਾਜ ਵੀ ਦੱਸਦਾ ਹੈ। ਗੁਰੂ ਜੀ ਮਾਇਆ ਸੰਬੰਧੀ ਨਿਰਣਾ ਕਰਦੇ ਹਨ :

**ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥**

ਅਤੇ ਇਸੇ ਲਈ ਜਗਿਆਸੂ ਨੂੰ ਪ੍ਰੇਰਣਾ ਦਿੰਦੇ ਹਨ

**ਸੁਣਿ ਸੁਣਿ ਸਿਖ ਹਮਾਰੀ ॥**
**ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ ਬਹੁੜਿ ਨ ਆਵੈ ਵਾਰੀ ॥**

ਮਾਇਆ ਦਾ ਛਲ ਤ੍ਰਿਣ ਦੀ ਅਗਨਿ ਅਤੇ ਮੇਘ ਦੀ ਛਾਇਆ ਦੀ ਨਿਆਈਂ ਹੈ। ਗੋਬਿੰਦ ਦੇ ਭਜਨ ਬਿਨ ਮਾਇਆ ਹੜ੍ਹ ਦੇ ਜਲ ਦੀ ਤਰ੍ਹਾਂ ਜੀਵ ਨੂੰ ਰੋੜ੍ਹ ਕੇ ਲੈ ਜਾਂਦੀ ਹੈ। ਮਾਇਆ ਮੋਹ ਦੇ ਹਨੇਰੇ ਵਿਚ ਗੁਰਬਾਣੀ ਚਾਨਣ-ਮੁਨਾਰੇ ਦਾ ਕੰਮ ਕਰਦੀ ਹੈ। ਅਤੇ ਜੀਵ ਗੁਰਬਾਣੀ ਦਾ ਆਸਰਾ ਲੈ ਕੇ ਮਾਇਆ ਨਾਗਨੀ ਦੇ ਡੰਗ ਤੋਂ ਬਚ ਸਕਦਾ ਹੈ :

**ਮਾਇਆ ਭੁਇਅੰਗ ਗ੍ਰਸਿਓ ਹੈ ਪ੍ਰਾਣੀ ਗੁਰ ਬਚਨੀ ਬਿਸੁ ਹਰਿ ਕਾਢਿਬਾ ॥**

ਭਗਤ ਨਾਮਦੇਵ ਜੀ ਫ਼ਰਮਾਉਂਦੇ ਹਨ :

**ਇਹ ਸੰਸਾਰ ਤੇ ਤਬ ਹੀ ਛੂਟਹੁ ਜਉ ਮਾਇਆ ਨਹ ਲਪਟਾਵਉ ॥**

ਗੁਰੂ ਤੇਗ ਬਹਾਦਰ ਜੀ ਪ੍ਰੇਰਣਾ ਦਿੰਦੇ ਹਨ :

**ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ ॥**

ਅਤੇ ਜੋ ਜੀਵ ਹਰੀ ਨਾਮ ਦਾ ਧਨ ਪੱਲੇ ਬੰਨ੍ਹ ਲੈਂਦੇ ਹਨ ਉਹਨਾਂ ਦੀ :

**ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥**

ਗੁਰਬਾਣੀ ਇਹ ਵਿਸ਼ਵਾਸ ਦ੍ਰਿੜ੍ਹ ਕਰਵਾਉਂਦੀ ਹੈ ਕਿ ਮਾਇਆ ਦਾ ਰੰਗ ਕੁਸੰਭੜਾ ਹੈ। ਥੋੜ੍ਹੇ ਦਿਨ ਰਹਿਣ ਵਾਲਾ ਹੈ। ਸਦਾ ਰਹਿਣ ਵਾਲੀਆਂ ਵਸਤਾਂ ਨਾਮ, ਸਾਧੂ ਤੇ ਗੋਬਿੰਦ ਹੀ ਹਨ ਅਤੇ ਨਾਮ ਦੀ ਸੋਭਾ ਹੀ ਸਥਿਰ ਹੈ :

**ਇਸੁ ਜੁਗ ਮਹਿ ਸੋਭਾ ਨਾਮ ਕੀ ਬਿਨੁ ਨਾਵੈ ਸੋਭ ਨ ਹੋਇ ॥**
**ਇਹ ਮਾਇਆ ਕੀ ਸੋਭਾ ਚਾਰਿ ਦਿਹਾੜੇ ਜਾਦੀ ਬਿਲਮੁ ਨ ਹੋਇ ॥**

ਸੱਚੇ ਸ਼ਬਦ ਦੇ ਲੜ ਲੱਗਣ ਨਾਲ ਮਾਇਆ ਦਾ ਮੋਹ ਉੱਠ ਜਾਂਦਾ ਹੈ ਅਤੇ ਜੋ ਜੀਵ ਗੁਰ-ਬਚਨਾਂ ਅਨੁਸਾਰ ਮਾਇਆ ਤੋਂ ਨਿਰਲੇਪ ਰਹਿੰਦੇ ਹਨ, ਉਹ ਮਾਇਆ 'ਚ ਵਿਚਰਦੇ ਹੋਏ ਵੀ ਇਸ ਦੇ ਭੈੜੇ ਪ੍ਰਭਾਵ ਤੋਂ ਬਚੇ ਰਹਿੰਦੇ ਹਨ। ਗੁਰਮੁਖ ਮਾਇਆ ਵਿਚ ਉਦਾਸੀ ਹੁੰਦਾ ਹੈ ਅਤੇ ਹਰਿ ਜਨ ਮਾਇਆ ਮਾਹਿ ਨਿਸਤਾਰੇ ਅਤੇ ਉਸ ਦੀ ਅਵਸਥਾ ਅੰਜਨ ਮਾਹਿ ਨਿਰੰਜਨ ਦੀ ਹੁੰਦੀ ਹੈ।

ਮਾਇਆ ਬਾਰੇ ਗੁਰੂ ਅਰਜਨ ਦੇਵ ਜੀ ਦਾ ਕਥਨ ਹੈ :

**ਐਸੀ ਇਸਤ੍ਰੀ ਇਕ ਰਾਮਿ ਉਪਾਈ ॥**
**ਉਨਿ ਸਭੁ ਜਗੁ ਖਾਇਆ, ਹਮ ਗੁਰਿ ਰਾਖੇ ਮੇਰੇ ਭਾਈ ॥**

ਕੇਵਲ ਸੰਤ ਹੀ ਇਸ ਨਕਟੀ ਨੂੰ ਨੱਥ ਪਾ ਸਕਦੇ ਹਨ :

**ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ ॥**
**ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ ॥**

ਗੁਰਮੁਖ ਗਰੜੂ ਬਣ ਕੇ ਇਸ ਨੂੰ ਚੰਗੀ ਤਰ੍ਹਾਂ ਮਸਲ ਦਿੰਦੇ ਹਨ ਅਤੇ ਇਹ ਸੰਤਾਂ ਦੀ ਚੇਰੀ ਬਣਨ ਲਈ ਤਰਲੋ-ਮੱਛੀ ਹੁੰਦੀ ਹੈ। ਮਾਇਆ ਉਹ ਛਾਇਆ ਹੈ ਜੋ ਗੁਰਮੁਖਾਂ ਪਿੱਛੇ ਦੌੜਦੀ ਹੈ। ਮਨਮੁਖ ਮਾਇਆ ਪਿੱਛੇ ਦੌੜਦੇ ਹਨ :

**ਨਿਸਿ ਦਿਨੁ ਮਾਇਆ ਕਾਰਨੇ, ਪ੍ਰਾਨੀ ਡੋਲਤ ਨੀਤ ॥**
**ਕੋਟਨ ਮੈ ਨਾਨਕ ਕੋਊ ਨਾਰਾਇਨ ਜਿਹ ਚੀਤਿ ॥.....**
**ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ॥**
**ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ ॥....**
**ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ ॥**
**ਕਹੁ ਨਾਨਕ ਆਪਨ ਤਰੈ, ਅਉਰਨ ਲੇਤ ਉਧਾਰ ॥**

ਲੋਭੀ ਮਾਇਆਧਾਰੀ ਜੀਵ ਕਰਮ, ਧਰਮ ਵੱਲੋਂ ਬੇਮੁਖ ਹੋ ਕੇ ਮਾਇਆ ਦੇ ਭਰਮ ਵਿਚ ਭੁੱਲਿਆ ਰਹਿੰਦਾ ਹੈ। ਕੇਵਲ ਸਤਿਗੁਰ ਹੀ ਜੀਵ ਨੂੰ ਅਜਿਹੀ ਨਿੱਘਰੀ ਅਵਸਥਾ ਵਿਚੋਂ ਕੱਢਣ ਦੇ ਸਮਰੱਥ ਹੈ। ਇਸੇ ਲਈ ਗੁਰੂ ਜੀ ਕਹਿੰਦੇ ਹਨ :

**ਬਾਹ ਪਕਰਿ ਕਢਿ ਲੀਨੇ ਅਪੁਨੇ ਗ੍ਰਿਹ ਅੰਧ ਕੂਪ ਤੇ ਮਾਇਆ ॥**

***

## बाबाणीयां कहाणीयां

### (चोर भी सन्त महात्मा

जोगिन्द्र सिंघ 'सागर'

'नूर पुर के महान तपस्वी,परोपकारी आत्मा समदर्शी साधु भाई जगता जी प्रायः रात्रि समय अपने डेरे से दूर सुनसान जंगल में चले जाया करते थे । वहीं रेत के किसी टीले पर बैठे सारी रात भजन सिमरण में मग्न रहते थे । प्रातः काल वापस अपने टिकाणे पर आकर साधु सन्तों व सेवादारों को जगाया करते और उन्हें सेवा सिमरण करने की प्रेरणा देते थे । यह उनका नित्य कर्म बन गया था ।

एक बार आधी रात के समय बाबा जी एक टीले पर समाधि लीन बैठे थे कि वहां कुछ चोर आ पहुंचे । उन्होने ने बाबा जी से कहा कि सन्त जी हम बड़ी लम्बी यात्रा पर से आ रहे है । हम थके हारे और भूखे प्यासे हैं । अन्न पाणी की सहायता कर दो खुदा तुम्हारा भला करे । बाबा जी यह सुन कर उठ खड़े हुए, उनको आदर सत्कार दिया और कहने लगे कि साधु जनो ! आप ने बड़ी कृपा की है जो मुझे सेवा का अवसर प्रदान किया है । यहीं बैठो मैं अभी आपके खाने पीने के लिए कुछ लेकर आता हूँ । थोड़ी देर में ही बाबा जी जाकर टिकाणा से रोटियां, दाल, अचार और पानी का मटका लेकर आ गये । उनके हाथ धुलाये, बड़े प्रेम से भोजन कराया, पानी पिलाया और आभार प्रकट किया कि आप महात्मा लोगों ने मुझे सेवा का मौका देकर मेरा जीवन् सफल किया है । आप बार बार उनको धन्यवाद दे रहे थे और उन की बड़ाई किये जा रहे थे । इधर चोर आपकी प्रेम भावना पर हैरान हो रहे थे कि कितना भोला और दयालु बाबा है जो चोरों को साधु महात्मा जान कर सत्कार और प्यार भावना जतला रहा है । साथ में चोर चिन्ता भी कर रहे थे कि ऐसा सीधा सादा, भोला बाबा कहीं नगर में जाकर हमारे बारे में लोगों को ही न बतला दे । यह सोच विचार कर उन्होनें आपके साधुपन और भोलापन का लाभ उठाते हुए कहा कि बाबा जी हम लम्बी यात्रा पर जा रहे हैं । कल शाम तक वापस लौटेंगे । हमारे लौट आने जक आप यहीं बैठे रहना । कहीं जाना

नहीं ।

इसी में हमारी खुशी और तुम्हारा भला है । बाबा जी ने हाथ जोड़ कर और सिर झुका कर कहा कि महात्मा जी के मैं आपके आये बगैर यहां से कहीं भी नहीं जांऊगा । आपको आने पर भोजन पानी खिला कर फिर कहीं जांऊगा । आप जरुर आना और मुझे सेवा करने का मौका देना ।

चोर वहां से चले गये और बाबा जी फिर उसी समाधि में लीन भक्ति भावना में भगवान से जुड़ गये । प्रातः काल हुआ, सूर्य उदय हो गया । साधु, महात्मा व सेवादारों ने जब बाबा जी को डेरे में न पाया तो सभी चिन्तित हो उठे । पूछ ताछ शुरु हो गई । भाई हजारी जी के कहने पर सब जंगल में तलाश के लिये चल पड़े । दूर दूर तक काफी तलाश बीन करने के बाद रेत के एक टीले पर बाबा जी बैठे पाये गये । सब लोग वहां इकत्र हो गये और बाबा जी को टिकाणे पर चलने के लिए कहने लगे । बाबा जी ने कहा कि देर रात यहां कुछ साधु जन आये थे । वे लम्बी यात्रा करके आ रहे थे, थके हारे व भूखे प्यासे थे । मैंने उन्हें डेरे से रोटी पानी लाकर खिलाया व उनकी सेवा की । महात्मा लोग जाते हुये मुझे आज्ञा कर गये है कि वे लम्बी यात्रा के बाद शाम तक वापस आयेगे । वे भूखे व थके मांदे आयेगे । उनकी अन्न पानी से सेवा करनी है इसी लिये मैं यहां बैठा उन की प्रतीक्षा कर रहा हूँ । वे बड़े भले आदमी हैं । उनकी सेवा करके जीवन सफल हो जायेगा । आप सब लोग यहां बैठो । उनकी इन्तजार करते हैं । मिल जुल कर उनकी सेवा करेंगें । भाई हज़ारी जी बोले कि महाराज ! साधु महात्मा नहीं वे चोर थे । चोरी करके न जाने कहा जायें । वे इधर आने वाले नहीं हैं । आपको भोला भंडारा साधु जान कर चकमा दे गये है । अब वे इधर कभी नही आयेगे । आप कृपा करके संगत का कहा मानिये और टिकाणा पर चलिये । सारी संगत कह रही है , संगत की आज्ञा गुरु की आज्ञा सम होती है । मानिये और हमारे साथ चलिये । संगत की आज्ञा का वास्ता सुन कर भाई जगता जी उनके साथ टिकाणे की ओर चल दिये

ऐसे समदर्शी महात्मा व ब्रह्म ज्ञानी सन्त थे भाई जगता जी ।

# तेग बहादुर सी क्रिया

जोगिन्द्र सिंघ 'सागर'

श्री गुरु गोविन्द सिंह जी महाराज ने अपनी आत्म कथा (विचित्र नाटक) में गुरदेव पिता श्री गुरु तेग बहादुर की शहादत (बलिदान) के बारे में लिखा है कि अपना शरीर रुपी ठीकर (भांडा) दिल्लीपति औंरगज़ेब के सिर पर फोड कर गुरु जी ने प्रभुपुरी को प्याना (प्रस्थान) किया । इस प्रकार धर्म के लिये जो कार्य आपने (श्री गुरु तेग बहादुर जी ने) कर दिखाया विश्व में कोई दूसरा नहीं कर सका ।

ठीकर फोर दिलीस सिर प्रभु पुर कियो पयान
तेग बहादुर सी क्रिया करी न किनहू आन

अब देखना है कि शहीद तो संसार में हर देश में और हर धर्म में हुए हैं । हक सच की रक्षा के लिये समय समय पर अनेकों बलिदान दिये गये हैं । इसलाम में, इसाई धर्म में, बुद्ध धर्म और हिन्दु धर्म में अनेकों शहीद हुए हैं । गुरु जी ने ऐसी कौन सी नई क्रिया की है जिस ओर गुरु गोविन्द सिंह जी अपनी रचना में संकेत कर रहे हैं ।

'तेग बहादुर सी क्रिया करी न किनहू आन ।'

नीचे दिये जा रहे कुछ तथ्यों से यह भली प्रकार सपष्ट हो जाता है कि धर्म के क्षेत्र में जो महान और अनुपम (अज़ीम और लामिसाल) कार्य श्री गुरु तेग बहादुर जी ने किया वास्तव में आज तक कोई भी नहीं कर पाया ।

आज तक संसार में जितनी भी शाहदतें (कुर्बानियां) दी गई है उन में एक बात सपष्ट है कि हर शहीद ने अपने धर्म, अपने मिशन और अपने ही काज़ के लिये शहीदी (कुर्बानी) दी है । विश्व में केवल गुरु तेग बहादुर जी ने ही किसी दूसरे धर्म के लिये बलिदान दिया । हिन्दू धर्म के प्रतीक चिन्ह " तिलक और जनेऊ" (जो गुरु जी धारण नहीं करते थे ) की रक्षा के लिये कुर्बानी दी । वास्तव में यह शहीदी 'उपासना की आजादी' के सिद्धान्त की रक्षा हेतु दी गई । धर्म निर्पेक्षता का जो सिद्धान्त आज सारे संसार में सर्व

मान्य सिद्धान्त है, की रक्षा के लिये सर्व प्रथम बलिदान गुरु श्री ने ही दिया था ।

विश्व में गुरु तेग बहादुर जी ही ऐसे शहीद हुए हैं जो धर्म हेतु बलिदान देने के लिये (धर्म हेत साका जिन किया) अपने घर (आनन्दपुर) से स्वंय चल कर कातिल के द्वार (दिल्ली) तक गये ।

संसार में केवल और केवल आप ही ऐसे शहीद हुये है जिनके दादा (श्री गुरु अर्जुन देव)शहीद, पुत्र शहीद, पत्नी शहीद, चार पौत्र (चार साहब ज़ादे) शहीद और पांच भानजे (बीबी वीरो के पांच पुत्र) शहीद हुए हों । इस प्रकार १३ शहीद केवल आपके ही एक परिवार में हुए है ।

संसार में किसी भी शहीद के पश्चात् उनके इतने अनुयायी शहीद नहीं हुए जितने गुरु तेग बहादुर जी के सिख शहीद हुए हैं ।

बन्द बन्द कटवाने वाले, आरों से चिर जाने वाले, चरखड़ियों पर चढ़ने वाले, खोपडियां उतरवाने वाले, देगों में उबाले जाने वाले और फांसियों पर चढ़ कर 'सत श्री अकाल' के जैकारे लगाने वाले अनगिन्त शहीद और फिर अपने नन्हे नन्हे पुत्रों को अपनी आखों के सामने टुकड़े टुकड़े करवाने वाली मातायें भी आपके ही पेरोकारों में हुए हैं ।

गज़नी से लंका तक का विशाल मुगल साम्राज्य, जिसके पास संसार की सब से बड़ी सेना (२२ लाख) और सब से बडा तोपखाना था आप के बलिदान तथा उसके परिणामों की ताब न ला सका और थोड़े से समय में विघ्वस्थ होकर मिट्टी में मिल गया । गुरु जी द्वारा दिये गये इस महान बलिदान ने धरती पर दह चमत्कार कर दिखाया जिसकी कि कल्पना भी नहीं की जा सकती ।

दशमेश पिता द्वारा कहे गये वचन :-

' तेग बहादुर सी क्रिया करी न किनहू आन

सर्वथा सत्य हैं और सत्य रहेंगें ।

***

# ਦਫ਼ਤਰ ਵਰ-ਘਰ

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)
ਮੁੱਖ ਇੰਚਾਰਜ: ਸ: ਅਵਤਾਰ ਸਿੰਘ 'ਪ੍ਰੀਤ',
ਫ਼ੋਨ: 0164-262098, ਫੈਕਸ : 262657

ਜਿਨ੍ਹਾ ਨੇ ਦਫ਼ਤਰ ਵਰ-ਘਰ ਵਿੱਚ ਫ਼ਾਰਮ ਭਰੇ ਹੋਏ ਹਨ ਉਹ ਚਿੱਠੀ-ਪੱਤਰ ਕਰਨ ਸਮੇਂ ਬਾਕਸ ਨੰਬਰ ਤੇ ਲੜਕੇ/ਲੜਕੀ ਦੀ ਕਾਰਡ ਸਾਈਜ਼ ਫ਼ੋਟੋ ਰਜਿਸਟਰਡ ਪੱਤਰ ਰਾਹੀਂ ਜ਼ਰੂਰ ਭੇਜਣ ਦੀ ਕਿਰਪਾ ਕਰਨ। ਜੇਕਰ ਆਪ ਜੀ ਦੇ ਲੜਕੇ / ਲੜਕੀ ਦਾ ਰਿਸ਼ਤਾ ਹੋ ਜਾਂਦਾ ਹੈ ਤਾਂ ਦਫ਼ਤਰ ਵਰ-ਘਰ ਨੂੰ ਸੂਚਿਤ ਕਰਨ ਦੀ ਕਿਰਪਾਲਤਾ ਕਰਨੀ।

## ਵਰ ਦੀ ਲੋੜ

1. ਰਾਮਗੜ੍ਹੀਆ ਬਿਰਦੀ, M.A ., B.Ed., 28 ਸਾਲ, 5'4" ਕੰਨਿਆਂ ਲਈ ਯੋਗ ਵਰ ਦੀ ਲੋੜ ਹੈ। (ਬਾਕਸ ਨੰ: 1080)
2. ਅਰੋੜਾ ਸਿੱਖ ਸੇਠੀ, B.A I, Two year Tailoring 27 ਸਾਲ, 5' ਕੰਨਿਆਂ ਲਈ ਯੋਗ ਵਰ ਦੀ ਲੋੜ ਹੈ। (ਬਾਕਸ ਨੰ: 1081)
3. ਅਰੋੜਾ ਸਿੱਖ ਕਾਲੜਾ, +2 .26 ਸਾਲ, 5'1" ਕੰਨਿਆਂ ਲਈ ਯੋਗ ਵਰ ਦੀ ਲੋੜ ਹੈ। (ਬਾਕਸ ਨੰ: 1082)
4. ਅਰੋੜਾ ਸਿੱਖ ਕਾਲੜਾ, B.A., 24 ਸਾਲ, 5'2½" ਕੰਨਿਆਂ ਲਈ ਯੋਗ ਵਰ ਦੀ ਲੋੜ ਹੈ। (ਬਾਕਸ ਨੰ: 1083)
5. ਅਰੋੜਾ ਸਿੱਖ ਅਰਨੇਜਾ, B.A., B.Ed, 30 ਸਾਲ, 5'2" ਤਲਾਕਸ਼ੁਦਾ ਕੰਨਿਆਂ ਲਈ ਯੋਗ ਵਰ ਦੀ ਲੋੜ ਹੈ। (ਬਾਕਸ ਨੰ: 1084)

## ਕੰਨਿਆਂ ਦੀ ਲੋੜ

1. ਅਰੋੜਾ ਸਿੱਖ ਕੋਹਲੀ, B.A. L.L.B 24 ਸਾਲ, 5'7" ਆਪਣੀ ਪ੍ਰੈਕਟਿਸ ਕਰਦੇ ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ। (ਬਾਕਸ ਨੰ: 2081)
2. ਅਰੋੜਾ ਸਿੱਖ ਮੱਕੜ Matric , 32 ਸਾਲ, 5'3" ਤਾਲਾਕਸ਼ੁਦਾ ਆਪਣਾ ਬਿਜ਼ਨੈਸ ਕਰਦੇ ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ। (ਬਾਕਸ ਨੰ: 2082)
3. ਅਰੋੜਾ ਸਿੱਖ ਅਰਨੇਜਾ , Matric, 25 ਸਾਲ, 5'5" ਆਪਣਾ ਬਿਜ਼ਨੈਸ ਕਰਦੇ ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ। (ਬਾਕਸ ਨੰ: 2083)
4. ਜੱਟ ਸਿੱਖ ਗਿੱਲ, 25 ਸਾਲ, 5' 7" ਡਰਾਈਵਰ ਲਈ ਯੋਗ ਕੰਨਿਆਂ ਦੀ ਲੋੜ ਹੈ। (ਬਾਕਸ ਨੰ: 2084)

ਪ੍ਰਿੰਟਰ ਪਬਲਿਸ਼ਰ ਤੇ ਮਾਲਕ ਸ਼੍ਰੀਮਾਨ 108 ਸੰਤ ਬਾਬਾ ਤੀਰਥ ਸਿੰਘ ਜੀ ਨੇ ਸੁਭਾਸ਼ ਮਿੱਤਲ ਪ੍ਰਿੰਟਿੰਗ ਪ੍ਰੈਸ ਬਠਿੰਡਾ ਤੋਂ ਛਪਵਾ ਕੇ 'ਭਾਈ ਘਨੱਈਆ ਸੇਵਾ ਸੁਸਾਇਟੀ' (ਰਜਿ:) ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ) ਤੋਂ ਮਿਤੀ 1 ਦਸੰਬਰ 2001 ਨੂੰ ਜਾਰੀ ਕੀਤਾ।

ਬਠਿੰਡਾ (ਪੰਜਾਬ)

ਚਿੱਠੀ-ਪੱਤਰ ਕਰਨ
ਟਰਡ ਪੱਤਰ ਰਾਹੀਂ
ਕੀ ਦਾ ਰਿਸ਼ਤਾ ਹੋ
ਨੀ ।

ਆਂ ਲਈ ਯੋਗ ਵਰ
ਬਾਕਸ ਨੰ: 1080)
5' ਕੰਨਿਆਂ
ਬਾਕਸ ਨੰ: 1081)
ਾ ਵਰ ਦੀ ਲੋੜ
ਕਸ ਨੰ: 1082)
ਯੋਗ ਵਰ ਦੀ ਲੋੜ
ਕਸ ਨੰ: 1083)
ਦਾ ਕੰਨਿਆ ਲਈ
ਕਸ ਨੰ: 1084)

ਸ ਕਰਦੇ ਲੜਕੇ
ਕਸ ਨੰ: 2081)
ਬਿਜ਼ਨੈਸ ਕਰਦੇ
ਕਸ ਨੰ: 2082)
ਸ ਕਰਦੇ ਲੜਕੇ
ਕਸ ਨੰ: 2083)
ਦੀ ਲੋੜ ਹੈ।
ਕਸ ਨੰ: 2084)

ਜੀ ਨੇ ਸੁਭਾਸ਼
ਾ ਸੁਸਾਇਟੀ
ਲ੍ਹਾ ਬਠਿੰਡਾ



## ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਸਰਕਲ ਗੋਨਿਆਣਾ ਮੰਡੀ ਦੇ ਹਫਤਾਵਾਰੀ ਕੀਰਤਨ ਸਮਾਗਮ ਦੇ ਦ੍ਰਿਸ਼ ।



ਮਹੰਤ ਤੀਰਥ ਸਿੰਘ ਜੀ ਪ੍ਰਿੰਸੀਪਲ ਬਲਜੀਤ ਸਿੰਘ ਜੀ ਨੂੰ ਸਨਮਾਨਿਤ ਕਰਦੇ ਹੋਏ ਗੁਰਬਖਸ਼ ਸਿੰਘ ਚੇਅਰਮੈਨ ਜਲੰਧਰ ਤੇ ਸੁਖਦੇਵ ਸਿੰਘ ਬਠਿੰਡਾ ਨਾਲ ਨਜ਼ਰ ਆ ਰਹੇ ਹਨ ।








ਇਸ ਮੌਕੇ ਤੇ ਭਾਈ ਸਰਬਜੀਤ ਸਿੰਘ ਗੋਬਿੰਦਪੁਰੀ ਲੁਧਿਆਣਾ ਵਾਲੇ ਕਥਾ ਕਰ ਰਹੇ ਹਨ ।


Bhai Kanhaiya Sewa Joti (Monthly) R.N.I. Regd. No. 046716/84
Regd. No. Pb./1002/2001 Chandigarh Dt. 19-1-2001

ੴ

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ।।


ਬ੍ਰਹਮ-ਗਿਆਨੀ ਭਾਈ ਜਗਤਾ ਜੀ ਸਾਹਿਬ


ਟਿਕਾਣਾ ਭਾਈ ਜਗਤਾ ਜੀ ਸਾਹਿਬ


ਸ਼੍ਰੀਮਾਨ 108 ਮਹੰਤ ਭਾਈ ਆਸਾ ਸਿੰਘ ਜੀ

## ਸੇਵਾ ਪੰਥੀ ਸੰਪ੍ਰਦਾ ਦੀਆਂ ਮਹਾਨ ਸੇਵਾ ਜੋਤੀਆਂ

ਬ੍ਰਹਮ-ਗਿਆਨੀ ਭਾਈ ਜਗਤਾ ਜੀ ਸਾਹਿਬ ਦੀ ਸਾਲਾਨਾ ਬਰਸੀ

ਅਤੇ

ਸ਼੍ਰੀਮਾਨ 108 ਮਹੰਤ ਆਸਾ ਸਿੰਘ ਜੀ ਦੀ ਪਾਵਨ ਯਾਦ ਵਿੱਚ

# ਸਾਲਾਨਾ ਸਮਾਗਮ ਤੇ ਯੱਗ ਭੰਡਾਰਾ

ਮਿਤੀ 13, 14 ਤੇ 15 ਜਨਵਰੀ 2002 ਦਿਨ ਐਤਵਾਰ, ਸੋਮਵਾਰ ਤੇ ਮੰਗਲਵਾਰ

ਉਪਰੋਕਤ ਦੋਵੇਂ ਸਮਾਗਮ ਹਰ ਸਾਲ ਵਾਂਗ ਬੜੀ ਸ਼ਰਧਾ, ਪ੍ਰੇਮ ਅਤੇ ਉਤਸ਼ਾਹ ਨਾਲ ਮਨਾਏ ਜਾ ਰਹੇ ਹਨ ।

ਸਰਬੱਤ ਪ੍ਰੇਮੀਜਨ ਅਤੇ ਸੰਗਤਾਂ ਨੂੰ ਆ ਰਹੇ ਸਮਾਗਮ ਦੀ ਯਾਦ ਦਿਵਾਉਂਦੇ ਹਾਂ

ਅਤੇ ਸ਼ਾਮਿਲ ਹੋਣ ਲਈ ਬੇਨਤੀ ਕਰਦੇ ਹਾਂ ।

ਸਮਾਗਮ ਦੀ ਸਫਲਤਾ ਲਈ ਅਖੰਡ-ਪਾਠਾਂ ਦੀ ਲੜੀ ਦਾ ਪ੍ਰਵਾਹ ਜਾਰੀ ਹੈ ।

**ਸਾਧ ਸੰਗਤ ਦੇ ਦਾਸ**

(ਸੰਤ) ਕਾਹਨ ਸਿੰਘ 'ਸੇਵਾ ਪੰਥੀ'
ਫ਼ੋਨ : 263333 ਮੋਬਾ: 98140-04503
(ਸੰਤ) ਹਰਪਾਲ ਸਿੰਘ 'ਸੇਵਾ ਪੰਥੀ'
(ਸੰਤ) ਰਣਜੀਤ ਸਿੰਘ 'ਸੇਵਾ ਪੰਥੀ'
ਫ਼ੋਨ : 262276 ਮੋਬਾ: 98140-35191
(ਸੰਤ) ਭੁਪਿੰਦਰ ਸਿੰਘ 'ਸੇਵਾ ਪੰਥੀ'
ਫ਼ੋਨ : 262657

ਮਹੰਤ ਤੀਰਥ ਸਿੰਘ
'ਸੇਵਾ ਪੰਥੀ'
ਫੋਨ : 262012
ਮੋਬਾਇਲ : (0) 98140-32957